

# ਮਿਡਲ ਕਲਾਸ ਕਹਾਣੀਆਂ

ਦੀਪੀ ਹੀਰ

# ਮਿਤਰ ਕਣਾਸ ਕਠਾੀਆਂ

## ਦੀਪੀ ਹੀਰ



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਮਿਡਲ ਕਲਾਸ ਕਹਾਣੀਆਂ


## ਦੀਪੀ ਹੀਰ

Instagram: deepi_heer

E-mail : deepikaheer717@gmail.com



Pdf editor: @gurigurpreet498

Published on : 01 September 2025

WWW.PUNJABILIBRARY.COM



©Gurpreet Guri



DIGITAL KALMAN WALE PUBLICATION

digitalkalmanwale@gmail.com

# ਸਮਰਪਣ

ਉਹਨਾਂ ਘਰਾਂ ਨੂੰ ਜਿਹੜੇ ਇਹ ਕਹਾਣੀਆਂ ਜੀਅ ਰਹੇ ਨੇ

# ਮਰਦ

ਜ਼ਿੰਦਗੀ ਦੀਆਂ ਕੜੀਆਂ ਵਿੱਚ ਉਲਝੇ ਅੱਧ ਵਾਟੇ ਤੁਰੇ ਜਾਂਦੇ ਅਚਾਨਕ ਅੱਧਖੜ ਉਮਰ ਦੇ ਮਰਦ ਨਾਲ਼ ਟਕਰਾ ਗਈ ।

ਸੁੱਜੀਆਂ ਅੱਖਾਂ , ਹੱਥਾਂ ਵਿੱਚ ਕੰਪਨ ਤੇ ਸੁੰਘੜ ਰਹੇ ਪੋਟੇ ।

"ਤੁਸੀਂ ਠੀਕ ਹੋ?" ਮੈਂ ਪੁੱਛਿਆ

"ਨਹੀਂ ਤੇ , ਬਿਲਕੁਲ ਵੀ ਨਹੀਂ " ਉਹ ਬੋਲਿਆ ।

ਮੈਨੂੰ ਸ਼ਾਇਦ ਦੇਰੀ ਹੋ ਰਹੀ ਸੀ । ਪਰ ਉਸਦੇ ਭੋਲ਼ੇ ਚਿਹਰੇ ਨੂੰ ਦੇਖ ਜਾਪਿਆ ਮੈਂ ਇੰਨੀ ਵੀ ਖ਼ੁਦਗਰਜ਼ ਨਹੀਂ ।

ਮੈਂ ਉਹਦੇ ਨਾਲ਼ ਚੱਲ ਪਈ । ਕੋਈ ਮੰਜ਼ਿਲ ਨਹੀਂ ਬੱਸ ਦੋ ਭਟਕੇ ਰਾਹੀਆਂ ਵਾਂਗ ।

ਤਾਂ ਇਹ ਸਭ ਕਦੋਂ ਸ਼ੁਰੂ ਹੋਇਆ??

"ਮੈਂ ਨਿੱਕਾ ਜਿਹਾ ਸਾਂ ਜਦ ਬਾਪ ਗੁਜ਼ਰ ਗਿਆ । ਘਰੇ ਪੰਜ ਭੈਣਾਂ ਸਨ । ਨਿੱਕੀ ਉਮਰੇ ਮੈਨੂੰ ਪੜ੍ਹਾਈ ਛੱਡਣੀ ਪਈ ਤੇ ਸ਼ੌਂਕ ਵੀ । ਮੈਂ ਇੱਕ ਨਾਇਕ ਬਣਨਾ ਚਾਹੁੰਦਾ ਸਾਂ । 18 ਦੀ ਉਮਰ ਤੱਕ ਆਉਂਦਿਆਂ ਮੈਂ ਤਿੰਨ ਭੈਣਾਂ ਵਿਆਹ ਦਿੱਤੀਆਂ ਤੇ ਮਾਂ ਵੀ ਚੱਲ ਵੱਸੀ । ਰਹਿੰਦੀਆਂ ਦੋ ਨੂੰ ਪੜ੍ਹਾਇਆ ਤੇ ਕਾਬਿਲ ਬਣਾਇਆ । ਆਪਣੇ ਆਪਣੇ ਘਰੇ ਸੁਖੀ ਨੇ ਹੁਣ ਪਰ ਦਿਨ ਤਿਉਹਾਰ ਤੇ ਨਾਲ਼ੇ ਕਿਸੇ ਪ੍ਰੋਗਰਾਮ ਤੇ ਪਹੁੰਚਣਾ ਹੀ ਪੈਂਦਾ ਏ ਕੁੱਝ ਨਾ ਕੁੱਝ ਤੁਰਿਆ ਹੀ ਰਹਿੰਦਾ ਏ ।

ਹੁਣ ਚਾਲੀ ਸਾਲ ਦਾ ਹੋ ਚੁੱਕਿਆ ਹਾਂ । ਘਰ ਵਾਲ਼ੀ ਛੱਡ ਗਈ ਏ

ਉਹ ਕਿਉਂ ਭਲਾ ?? ਮਾਫ਼ ਕਰਨਾ ਮੈਂ ਗੱਲ ਟੋਕ ਦਿੱਤੀ ...ਮੈਂ ਹੜਬੜਾਹਟ ਚ ਪੁੱਛਿਆ ।

ਕਿਉਂਕਿ ਮੈਂ ਹਮੇਸ਼ਾਂ ਚੁੱਪ ਤੇ ਗੁੰਮ ਸੁਮ ਰਹਿੰਦਾ ਸਾਂ । ਮੇਰੇ ਦਿਲ ਦੇ ਅਰਮਾਨ ਸਨ ਮੈਨੂੰ ਵੀ ਕੋਈ ਪੜੇ ਕੋਈ ਮੁਹੱਬਤ ਕਰੇ । ਮੈਂ ਸਿਰਫ਼ ਪੈਸਿਆਂ ਤੇ ਜ਼ਿੰਮੇਵਾਰੀ ਭਰੀ ਮਸ਼ੀਨ ਨਹੀਂ ਸਾਂ । ਉਮਰ ਦੀ ਇੱਕ ਹੱਦ ਟੱਪ ਲਈ ਏ । ਮੈਨੂੰ ਕੋਈ ਨਹੀਂ ਮਿਲਿਆ । ਮੇਰੀ ਔਰਤ ਨੂੰ ਲੱਗਦਾ ਸੀ ਮੈਂ ਇੱਕ ਬੋਰਿੰਗ ਇਨਸਾਨ ਹਾਂ ਪਰ ਮੇਰੇ ਹਾਸੇ ਤਾਂ ਮੁੱਦਤਾਂ ਪਹਿਲਾਂ ਵਕਤ ਨੇ ਖਾ ਲਏ ।

ਮੇਰੇ ਕੋਲ਼ ਲਫ਼ਜ਼ ਨਹੀਂ ਬਚੇ । ਮੈਂ ਓਸਨੂੰ ਘੁੱਟ ਕੇ ਸੀਨੇ ਨਾਲ਼ ਲਾਇਆ । ਮੈਂ ਸਮਝਦੀ ਹਾਂ । ਮਰਦ ਨੂੰ ਵੀ ਤਕਲੀਫ਼ ਹੁੰਦੀ ਏ । ਮੈਂ ਤੇਰੇ ਨਾਲ਼ ਹਾਂ । ਚੱਲ ਦੁਨੀਆਂ ਜਿੱਤ ਲਈਏ । ਤੂੰ ਪਰਦੇ ਉੱਪਰ ਨਹੀਂ , ਅਸਲ ਜ਼ਿੰਦਗੀ ਚ ਇੱਕ ਨਾਇਕ ਏਂ । ਇੱਕ ਲਾਜਵਾਬ ਨਾਇਕ .....

ਉਸਨੇ ਇੱਕ ਝਟਕੇ ਨਾਲ਼ ਮੇਰਾ ਹੱਥ ਛੱਡਿਆ ਤੇ ਹਵਾ ਹੋ ਗਿਆ

ਸ਼ਾਇਦ ਕਿਸੇ ਜ਼ਿੰਮੇਵਾਰੀ ਨੇ ਆਵਾਜ਼ ਮਾਰ ਲਈ ਸੀ ।

❀❀❀❀❀

# ਆਖ਼ਰੀ ਮੁਹੱਬਤ

ਇੱਕ ਦਹਾਕੇ ਬਾਅਦ

ਕਿਸੇ ਪੁਰਾਣੇ ਦੋਸਤ ਦੇ ਵਿਆਹ ਤੇ ਉਹ ਮਿਲਿਆ ।

ਦੇਖਣ ਵਿੱਚ ਹਾਲੇ ਵੀ ਓਨਾ ਹੀ ਆਕਰਸ਼ਕ , ਡੂੰਘੀਆਂ ਅੱਖਾਂ ਤੇ ਚਿਹਰੇ ਤੇ ਸੰਜੀਦੀ । ਬਹੁਤੀ ਦੇਰ ਤੱਕ ਪਹਿਚਾਣਿਆ ਨਾ ਗਿਆ ਜਾਂ ਕਹਿ ਲਓ ਮੈਂ ਪਹਿਚਾਣ ਲਿਆ ਸੀ ਪਰ ਇਨਕਾਰ ਕੀਤਾ ਤਾਂ ਜੋ ਆਪਣੇ ਹੱਥੀਂ ਆਪਣੇ ਜ਼ਖ਼ਮ ਨਾ ਕੁਰੇਦ ਲਵਾਂ ।

ਹਮੇਸ਼ਾਂ ਵਾਂਗ ਵਿਅਸਤ ਜਾਪ ਰਿਹਾ ਸੀ ।

ਅਚਾਨਕ ਇੱਕ ਵਕਤ ਤੇ ਸਾਡੀਆਂ ਨਜ਼ਰਾਂ ਟਕਰਾ ਗਈਆਂ ।

ਠੰਢ ਦੇ ਮੌਸਮ ਵਿੱਚ ਵਕਤ ਦੇ ਸਮੁੰਦਰਾਂ ਅੰਦਰ ਗਰਮ ਜਵਾਰਭਾਟੇ ਉੱਠ ਖੜੇ । ਹੌਂਸਲਾ ਨਹੀਂ ਸੀ ਦੁਬਾਰਾ ਓਸਤੇ ਮਰ ਜਾਣ ਦਾ ਜਾਂ ਸ਼ਾਇਦ ਹਾਲੇ ਤੱਕ ਪਹਿਲਾ ਨਿਸ਼ਾਨ ਹੀ ਕਾਫ਼ੀ ਸੀ ।

ਦੱਸ ਸਾਲ ਬਾਅਦ ਅਚਾਨਕ

ਉਹ ਆਵਾਜ਼ਾਂ ਗੂੰਜਣ ਲੱਗੀਆਂ ।

ਇਹਨਾਂ ਨੂੰ ਕੌਣ ਰੋਕ ਸਕਦਾ ਸੀ । ਕੋਈ ਵੀ ਨਹੀਂ

ਕੋਲ ਜਾ ਸਿਰ ਝੁਕਾ ਕੇ ਸਲਾਮ ਕੀਤੀ ।

ਗੱਲਾਂ ਸ਼ੁਰੂ ਹੋਈਆਂ ....ਗੱਲਾਂ ਨਹੀਂ ਯਾਦਾਂ ਦੀ ਲੜੀ ।

"ਤੇ ਫ਼ੇਰ ਲੱਭ ਗਿਆ ਕੋਈ?? "ਓਸ ਪੁੱਛਿਆ

ਹਾਂ ਜੀ ਲੱਭ ਗਿਆ

ਉਸਦੇ ਚਿਹਰੇ ਤੋਂ ਗ਼ਮ ਤੇ ਜਲਣ ਭੜਕ ਉੱਠੀ ਪਰ ਉਹ ਸਭ ਲੁਕਾਉਣ ਦੀ ਨਾ ਕਾਮਯਾਬ ਕੋਸ਼ਿਸ਼ ਕਰ ਰਿਹਾ ਸੀ ।

ਉਮੀਦ ਏ ਸੋਹਣਾ ਤੇ ਕਾਮਯਾਬ ਹੋਵੇਗਾ ... ਤੇ ਓਸ ਨਜ਼ਰਾਂ ਝੁਕਾ ਲਈਆਂ ।

ਨਹੀ ਸੋਹਣਾ ਤਾਂ ਨਹੀਂ ਤੇ ਕਾਮਯਾਬ ਤੇਰੇ ਨਾਲੋਂ ਘੱਟ ਹੀ ਹੋ ਪਾਇਆ ਪਰ ਉਹ ਮੈਨੂੰ ਸਮਝਦਾ ਏ । ਮੁਹੱਬਤ ਕਰਦਾ ਏ ਤੇ ਹਮੇਸ਼ਾਂ ਮੇਰੇ ਨਾਲ਼ ਖੜ੍ਹਾ ਰਹਿੰਦਾ ਏ । ਹਰ ਨਿੱਕੀ ਤੋਂ ਨਿੱਕੀ ਅਤੇ ਵੱਡੀ ਤੋਂ ਵੱਡੀ ਗੱਲ ਚ ਵੀ । ਹਾਂ ਸੱਚ ਉਹਦੇ ਲਈ ਮੇਰੇ ਤੋਂ ਜ਼ਿਆਦਾ ਜ਼ਰੂਰੀ ਕੁੱਝ ਵੀ ਨਹੀਂ । ਉਹ ਹਮੇਸ਼ਾਂ ਵਿਅਸਤ ਨਹੀਂ ਰਹਿੰਦਾ ਕਿਉਂਕਿ ਰਿਸ਼ਤਿਆਂ ਨੂੰ ਗੱਲਾਂ ਦੀ ਜ਼ਰੂਰਤ ਹੁੰਦੀ ਏ ਭੱਜ ਜਾਣ ਦੀ ਨਹੀਂ ।

ਉਹ ਚੁੱਪ ਚਾਪ ਸੁਣਦਾ ਰਿਹਾ, ਸ਼ਾਂਤ ਤੇ ਖਾਮੋਸ਼ ।  ਮੇਰੇ ਲਈ ਅਸਹਿ ਸੀ ਓਸਨੂੰ ਇੰਝ ਤੜਪਦੇ ਦੇਖਣਾ । ਇੱਕੋ ਹੀ ਵਕਤ ਮੇਰੇ ਸਾਮਣੇ ਮੇਰਾ ਅਤੀਤ ਤੇ ਭਵਿੱਖ ਖੜੇ ਸਨ ਪਰ ਮੈਂ ਦੇਖ ਕੇ ਹੈਰਾਨ ਸਾਂ ਉਹ ਬਦਲ ਗਿਆ ਸੀ ਪਰ ਮੈਨੂੰ ਸ਼ਾਇਦ ਉਹਦੀ ਪੁਰਾਣੀ ਸ਼ਵੀ ਨਾਲ ਹੀ ਮੁਹੱਬਤ ਸੀ ਅੱਜ ਵੀ । ਮੈਂ ਆਪਣੇ ਅੱਜ ਦਾ ਹੱਥ ਫੜ੍ਹ ਕੇ ਕੱਲ੍ਹ ਨੂੰ ਨਾਲ਼ ਕਿਵੇਂ ਚਲਾ ਲੈਂਦੀ ਪਰ ਕੀ ਮੈਂ ਆਪਣੇ ਅੱਜ ਨੂੰ ਆਪਣੇ ਗੁਜ਼ਰੇ ਕੱਲ੍ਹ ਵਾਂਗ ਮੁਹੱਬਤ ਕਰਦੀ ਹਾਂ ...ਸ਼ਾਇਦ ਨਹੀਂ ।

ਚਾਹਵਾਂ ਤਾਂ ਅਤੀਤ ਨੂੰ ਗਲ ਲਾ ਲਵਾਂ ਪਰ ਹੁਣ ਉਹ ਵੀ ਪਹਿਲਾਂ ਜਿਹਾ ਕਿੱਥੇ ਰਿਹਾ ਪਰ ਇਸ ਮੁਲਾਕਾਤ ਤੋਂ ਬਾਅਦ ਸਾਫ਼ ਸੀ ਉਹ ਮੇਰੀ ਜ਼ਿੰਦਗੀ ਦੀ ਆਖ਼ਰੀ ਮੁਹੱਬਤ ਹੋ ਨਿੱਬੜਿਆ ।  ਬਾਅਦ  ਵਿੱਚ ਬੱਸ ਸਮਝੌਤੇ ਹੀ ਹੋਏ ।

ਮੈਂ ਦੂਰ ਤੱਕ ਓਹਨੂੰ ਜਾਂਦਿਆਂ ਵੇਖਦੀ ਰਹੀ ।

ਘੜੀਆਂ ਕਦੇ ਬੰਦ ਨਹੀਂ ਹੁੰਦੀਆਂ

ਤੇ ਸੂਈਆਂ ਰੋਕਣ ਤੇ ਨਹੀਂ ਰੁੱਕਦੀਆਂ ਨਹੀਂ ਤਾਂ ਮੈਂ ਓਹਨੂੰ ਰੋਕ ਲੈਂਦੀ ...
ਹਮੇਸ਼ਾਂ ਲਈ ਗਵਾ ਦੇਣ ਤੋਂ ਪਹਿਲਾਂ ।

❀❀❀❀❀

## PEOPLE YOU MAY KNOW

ਅੱਜ ਫੇਸਬੁੱਕ ਤੇ ਇੱਕ ਨੋਟੀਫਿਕੇਸ਼ਨ ਆਈ — "People You May Know."

ਉਸਦਾ ਚਿਹਰਾ ਦਿਖਿਆ।

ਉਹੀ ਹਾਸਾ, ਉਹੀ ਨੱਕ ਦੀ ਹੌਲੀ ਜਿਹੀ ਟੇੜ।

ਜਿਵੇਂ ਸਮਾਂ ਕਿਤੇ ਰੁਕ ਗਿਆ ਹੋਵੇ।

ਮੈਂ ਕਈ ਸਾਲ ਪਹਿਲਾਂ ਉਸਨੂੰ ਬਲੌਕ ਕਰ ਦਿੱਤਾ ਸੀ,

ਉਹ ਰਾਹ ਜਿਥੇ ਜਾਏ, ਮੈਂ ਨਹੀਂ ਜਾਣਾ ਚਾਹੁੰਦੀ ਸੀ।

ਪਰ ਅੱਜ...

ਉਹ ਨੋਟੀਫਿਕੇਸ਼ਨ ਨੇ ਜਿਵੇਂ ਦਿਲ ਦੇ ਕਮਰੇ ਚ ਸਾਇਰਨ ਵੱਜਾ ਦਿੱਤਾ।

ਕੁੱਝ ਸਮਾਂ ਰੁਕ ਕੇ ਉਸ ਦੀ ਪ੍ਰੋਫਾਈਲ 'ਤੇ ਗਈ ।

ਉਹ ਖੁਸ਼  ਲੱਗਦਾ ਸੀ।

ਕੋਈ ਤਸਵੀਰ ਚ ਛੋਟਾ ਬੱਚਾ ਚੁੰਮਦਾ ਹੋਇਆ,

ਕੋਈ ਤਸਵੀਰ ਵਿਚ ਬਰਫ਼ੀਲੇ ਪਹਾੜਾਂ ਅੱਗੇ ਖੜਿਆ ।

ਕਿਤੇ ਕੋਈ ਚੁੱਪ ਨਹੀਂ ਸੀ —

ਪਰ ਮੈਨੂੰ ਪਤਾ ਸੀ, ਇਹ ਚੁੱਪੀ ਕਿਵੇਂ ਹੋ ਸਕਦੀ ਏ?

ਕਦੇ ਕਹਿ ਨਹੀਂ ਸਕੀ ਸੀ,

“ਮੈਂ ਤੈਨੂੰ ਪਿਆਰ ਕਰਦੀ ਹਾਂ।”
ਓਹਨੇ ਵੀ ਕਦੇ ਨਹੀਂ ਪੁੱਛਿਆ,
“ਤੂੰ ਕਦੇ ਕਿਉਂ ਨਹੀਂ ਆਈ ?”

ਅਸੀਂ ਦੋਵੇਂ ਆਪਣੇ-ਆਪਣੇ ਅਹੰਕਾਰ ਵਿੱਚ ਬੱਸ ਤੁਰ ਗਏ।

ਅੱਜ ਜਦ ਉਸਦੀ ਤਸਵੀਰ ਦੇ ਹੇਠਾਂ “Add Friend” ਦਾ ਬਟਨ ਦਿਖਿਆ,
ਦਿਲ ਨੇ ਇੱਕ ਵਾਰੀ ਕਿਹਾ —
“ਬਸ ਇੱਕ ਕਲਿੱਕ ਕਰ… ਸ਼ਾਇਦ ਸਭ ਕੁਝ ਮੁੜ ਹੋ ਜਾਵੇ।”

ਪਰ ਹੌਲੇ ਨਾਲ ਮੋਬਾਈਲ ਬੰਦ ਕਰ ਦਿੱਤਾ।

ਕਈ ਵਾਰ ਪਿਆਰ ਕਦੇ ਕਿਹਾ ਨਹੀਂ ਜਾਂਦਾ।
ਉਹ ਚੁੱਪ ’ਚ ਜਿਉਂਦਾ ਏ,
ਤੇ ਇੱਕ ਦਿਨ ਖਾਮੋਸ਼ੀ ਵਿੱਚ ਮਰ ਜਾਂਦਾ ਏ ।

❁❁❁❁❁

•

# ਰੱਬ

ਇਨਸਾਨੀ ਇਤਿਹਾਸ ਦੇ ਸਭ ਤੋਂ ਵੱਡੇ ਪ੍ਰਸ਼ਨਾਂ ਵਿਚੋਂ ਇੱਕ ਹੈ—ਕੀ ਰੱਬ ਹੈ? ਅਤੇ ਜੇ ਹੈ ਤਾਂ ਕਿੱਥੇ ਹੈ? ਕਈ ਵਾਰ ਇਹ ਪ੍ਰਸ਼ਨ ਮਨੁੱਖ ਨੂੰ ਇਤਨਾ ਬੇਚੈਨ ਕਰ ਦਿੰਦਾ ਹੈ ਕਿ ਉਹ ਸਾਰੀ ਉਮਰ ਪੁਸਤਕਾਂ, ਦਰਬਾਰਾਂ, ਮੰਦਿਰਾਂ ਤੇ ਮਸਜਿਦਾਂ ਵਿਚ ਉਸਦਾ ਪਤਾ ਲੱਭਦਾ ਫਿਰਦਾ ਹੈ। ਪਰ ਸੱਚਾਈ ਇਹ ਹੈ ਕਿ ਰੱਬ ਕਿਸੇ ਥਾਂ ਨਹੀਂ ਬਲਕਿ ਹਰ ਥਾਂ ਹੈ—ਹਰ ਸਾਹ ਵਿਚ, ਹਰ ਧੜਕਣ ਵਿਚ, ਹਰ ਅਹਿਸਾਸ ਵਿਚ।

ਰੂਮੀ ਕਹਿੰਦਾ ਹੈ:

"ਜਿੱਥੇ ਵੀ ਤੂੰ ਖੜ੍ਹਾ ਹੈਂ, ਰੱਬ ਉੱਥੇ ਹੀ ਹੈ। ਉਸਨੂੰ ਲੱਭਣ ਲਈ ਯਾਤਰਾ ਕਰਨ ਦੀ ਲੋੜ ਨਹੀਂ।"

ਇਹ ਬੋਲ ਸਾਨੂੰ ਦੱਸਦੇ ਹਨ ਕਿ ਰੱਬ ਕਿਸੇ ਦੂਰ ਗਗਨ ਵਿਚ ਨਹੀਂ ਵੱਸਦਾ, ਸਗੋਂ ਸਾਡੇ ਆਪਣੇ ਅੰਦਰ।

ਜਦ ਇੱਕ ਮਾਂ ਆਪਣੇ ਬੱਚੇ ਨੂੰ ਗੋਦ ਵਿਚ ਲੈਂਦੀ ਹੈ, ਉਸਦੀ ਨਿਗਾਹ ਵਿਚ ਰੱਬ ਦਾ ਨੂਰ ਚਮਕਦਾ ਹੈ। ਜਦ ਇੱਕ ਪਰਦੇਸੀ ਆਪਣੀ ਮਿੱਟੀ ਲਈ ਰਾਤਾਂ ਜਾਗ ਕੇ ਰੋਂਦਾ ਹੈ, ਉਸਦੀ ਤੜਪ ਰੱਬ ਦੀ ਹਾਜ਼ਰੀ ਦਾ ਸਬੂਤ ਹੈ। ਜਦ ਕਿਸੇ ਬੇਸਹਾਰੇ ਨੂੰ ਇੱਕ ਅਣਜਾਣ ਇਨਸਾਨ ਹੱਥ ਫੜ ਕੇ ਰਸਤਾ ਦਿਖਾਉਂਦਾ ਹੈ, ਉਹ ਰੱਬ ਹੀ ਹੈ ਜੋ ਇਨਸਾਨੀ ਰੂਪ ਵਿਚ ਮਦਦ ਲਈ ਉੱਤਰਦਾ ਹੈ।

ਰੂਮੀ ਨੇ ਕਿਹਾ ਸੀ:

"ਜੋ ਖਾਮੋਸ਼ੀ ਵਿਚ ਸੁਣਦਾ ਹੈ, ਉਸ ਲਈ ਰੱਬ ਦੀ ਆਵਾਜ਼ ਹਰ ਪਾਸੇ ਗੂੰਜਦੀ ਹੈ।"

ਪਰ ਅਸੀਂ ਖਾਮੋਸ਼ੀ ਤੋਂ ਭੱਜਦੇ ਹਾਂ। ਅਸੀਂ ਸ਼ੋਰ ਵਿਚ ਆਪਣੇ ਆਪ ਨੂੰ ਡੁਬੋ ਕੇ ਬੈਠੇ ਹਾਂ, ਤਾਂ ਜੋ ਸੱਚ ਦਾ ਸਾਹਮਣਾ ਨਾ ਕਰਨਾ ਪਏ। ਜਦੋਂ ਅਸੀਂ ਅੰਦਰੂਨੀ ਖਾਮੋਸ਼ੀ ਨਾਲ ਰਾਬਤਾ ਬਣਾਉਂਦੇ ਹਾਂ, ਤਦੋਂ ਹੀ ਅਸਲ ਰੱਬ ਦੀ ਪਹਿਚਾਣ ਹੁੰਦੀ ਹੈ।

ਰੱਬ ਕੋਈ ਦਿਖਾਈ ਦੇਣ ਵਾਲਾ ਰੂਪ ਨਹੀਂ। ਉਹ ਤਾਂ ਇੱਕ ਨੂਰ ਹੈ—ਇੱਕ ਰੌਸ਼ਨੀ ਜੋ ਅੰਦਰਲੇ ਹਨੇਰੇ ਨੂੰ ਚੀਰ ਦਿੰਦੀ ਹੈ। ਉਹ ਇੱਕ ਸਕੂਨ ਹੈ ਜੋ ਤੂਫ਼ਾਨੀ ਦਿਲ ਨੂੰ ਠੰਢਕ ਬਖ਼ਸ਼ਦਾ ਹੈ। ਉਹ ਇੱਕ ਇਸ਼ਕ਼ ਹੈ ਜੋ ਹਰ ਜ਼ਖ਼ਮ ਨੂੰ ਸ਼ਫ਼ਾ ਦੇ ਜਾਂਦਾ ਹੈ।

ਰੂਮੀ ਕਹਿੰਦਾ ਹੈ:

"ਤੂੰ ਸਮੁੰਦਰ ਵਿਚ ਇਕ ਬੂੰਦ ਨਹੀਂ, ਬਲਕਿ ਇੱਕ ਬੂੰਦ ਵਿਚ ਪੂਰਾ ਸਮੁੰਦਰ ਹੈ।"

ਇਹ ਅਰਥ ਹੈ ਕਿ ਰੱਬ ਸਾਨੂੰ ਤੋਂ ਵੱਖਰਾ ਨਹੀਂ, ਸਗੋਂ ਸਾਡੇ ਅੰਦਰ ਹੀ ਵੱਸਦਾ ਹੈ। ਅਸੀਂ ਉਸਦੀ ਮੌਜੂਦਗੀ ਦੇ ਆਇਨੇ ਹਾਂ।

ਜਦ ਦਿਲ ਸੁੱਚਾ ਹੋ ਜਾਏ, ਤਾਂ ਹਰ ਚੀਜ਼ ਵਿਚ ਉਸਦਾ ਦਰਸ਼ਨ ਹੁੰਦਾ ਹੈ—

ਫੁੱਲ ਦੇ ਖਿੜਣ ਵਿਚ,

ਪੰਛੀ ਦੇ ਗੀਤ ਵਿਚ,

ਬੱਚੇ  ਦੇ ਮਾਸੂਮ ਹਾਸੇ ਵਿਚ,

ਤੇ ਇਨਸਾਨ ਦੇ ਪਿਆਰ ਭਰੇ ਹੱਥਾਂ ਵਿੱਚ

ਰੱਬ ਦੀ ਮੌਜੂਦਗੀ ਨੂੰ ਸਾਬਤ ਕਰਨ ਲਈ ਦਲੀਲਾਂ ਨਹੀਂ ਚਾਹੀਦੀਆਂ, ਸਿਰਫ਼

ਮਹਿਸੂਸ ਕਰਨ ਵਾਲਾ ਦਿਲ ਚਾਹੀਦਾ ਹੈ।

ਕਿਉਂਕਿ ਜਿੱਥੇ ਪਿਆਰ ਹੈ, ਉੱਥੇ ਹੀ ਰੱਬ ਹੈ।

❀❀❀❀❀

# ਪਿਓ ਪੁੱਤਰ

ਤਿੰਨ ਦਿਨਾਂ ਬਾਅਦ ਫ਼ੋਨ ਵੱਜਿਆ।

ਸਕਰੀਨ 'ਤੇ "ਡੈਡ " ਲਿਖਿਆ ਚਮਕਿਆ।

ਪੁੱਤਰ ਨੇ ਕਾਲ ਤੁਰੰਤ ਉਠਾਈ , ਜਿਵੇਂ ਉਸਦਾ ਦਿਲ ਇਸ ਪਲ ਲਈ ਬੇਕਰਾਰ ਬੈਠਾ ਸੀ।

"ਹੈ ਮੇਰੇ ਪੁੱਤਰ... ਤੂੰ ਠੀਕ ਤਾਂ ਹੈਂ?"

"ਹਾਂ ਜੀ ਪਾਪਾ... ਹਮੇਸ਼ਾਂ ਵਾਂਗ ਠੀਕ ਹਾਂ।"

ਪਿਤਾ ਦੀ ਆਵਾਜ਼ ਥੋੜ੍ਹੀ ਥੱਕੀ ਹੋਈ ਸੀ।

"ਸੌਰੀ ਪੁੱਤਰ... ਤਿੰਨ ਦਿਨਾਂ ਤੋਂ ਕਾਲ ਨਹੀਂ ਕਰ ਸਕਿਆ। ਰਾਤ ਦੀਆਂ ਡਿਊਟੀਆਂ ਸੀ, ਸਮਾਂ ਹੀ ਨਹੀਂ ਮਿਲਿਆ।"

ਪੁੱਤਰ ਨੇ ਹੌਲੇ ਨਾਲ ਮੁਸਕਰਾਉਂਦਿਆਂ ਕਿਹਾ,

"ਇਹ ਤਾਂ ਚਲਦਾ ਰਹਿੰਦਾ ਹੈ ਪਾਪਾ, ਮੈਂ ਸਮਝਦਾ ਹਾਂ। ਤੁਸੀਂ ਦੱਸੋ, ਤੁਹਾਡੀ ਤਬੀਅਤ ਕਿਵੇਂ ਹੈ?"

ਕੁੱਝ ਪਲ ਲਈ ਦੋਵੇਂ ਪਾਸੇ ਚੁੱਪੀ।

ਫ਼ੋਨ ਦੇ ਦੂਜੇ ਪਾਸੇ ਸਾਹ ਲੰਮਾ ਖਿੱਚਣ ਦੀ ਆਵਾਜ਼ ਸੁਣਾਈ ਦਿੱਤੀ।

ਫਿਰ ਪਿਤਾ ਦੀ ਹੌਲੀ ਆਵਾਜ਼ ਆਈ:

"ਸਭ ਕੁਝ ਠੀਕ ਹੈ ਪੁੱਤਰ... ਬਸ ਹਲਕਾ ਜਿਹਾ ਬੁਖਾਰ ਹੈ।"

ਪੁੱਤਰ ਦੇ ਦਿਲ 'ਚ ਹਲਚਲ ਮਚ ਗਈ।

ਉਸਦਾ ਮਨ ਕਰਦਾ ਸੀ ਕਹਿ ਦੇਵੇ:

"ਪਾਪਾ, ਪੰਦਰਾਂ ਸਾਲ ਹੋ ਗਏ ਤੁਹਾਨੂੰ ਵਿਦੇਸ਼ ਗਿਆਂ ਤੇ ਮੈਨੂੰ ਤੁਹਾਡੀ ਗੋਦ ਵਿੱਚ ਬੈਠੇ... ਮੈਂ ਚਾਹੁੰਦਾ ਹਾਂ ਤੁਹਾਡੇ ਕੋਲ ਹੋ ਕੇ ਤੁਹਾਡੀ ਸੇਵਾ ਕਰਾਂ, ਤੁਹਾਨੂੰ ਦਵਾਈਆਂ ਦੇਵਾਂ, ਤੁਹਾਡੇ ਮੱਥੇ ਤੇ ਹੱਥ ਰੱਖਾਂ।"

ਪਰ ਸ਼ਬਦ ਗਲੇ ਵਿੱਚ ਹੀ ਅਟਕ ਗਏ।

"ਤੇਰੇ ਵੱਲ ਕੀ ਚੱਲ ਰਿਹਾ ਹੈ ਪੁੱਤਰ?"

"ਕੁਝ ਖ਼ਾਸ ਨਹੀਂ ਪਾਪਾ... ਬਸ ਸੋਚ ਰਿਹਾ ਸੀ ਕਿ ਕੱਲ੍ਹ ਫਾਦਰਸ ਡੇ ਹੈ। ਸੋਚਿਆ ਕਿ ਸਾਡੀ ਇਕੱਠੀ ਕੋਈ ਵੀ ਤਸਵੀਰ ਨਹੀਂ ਜੋ ਮੈਂ ਅਪਲੋਡ ਕਰ ਸਕਾਂ।"

ਪਿਤਾ ਹੌਲੀ ਜਿਹੀ ਹੱਸਿਆ

ਉਸ ਹਾਸੇ ਦੇ ਅੰਦਰ ਇਕ ਭਾਰੀ ਦਰਦ ਸੀ।

"ਹਾਹਾ... ਜਲਦੀ ਹੀ ਖਿੱਚ ਲਵਾਂਗੇ ਪੁੱਤਰ।"

"ਪਰ ਕਦੋਂ ਡੈਡੀ ?"

ਕੁਝ ਪਲ ਚੁੱਪੀ ਰਹੀ, ਫਿਰ ਆਵਾਜ਼ ਆਈ,

"ਬਹੁਤ ਜਲਦੀ ਮੇਰੇ ਪੁੱਤਰ... ਬਹੁਤ ਜਲਦੀ।"

ਪੁੱਤਰ ਨੇ ਡੂੰਘਾ ਸਾਹ ਖਿੱਚਿਆ।

ਪੰਦਰਾਂ ਸਾਲ...

ਇਹ ਪੰਦਰਾਂ ਸਾਲ ਉਸਦੀ ਜ਼ਿੰਦਗੀ ਤੋਂ ਸੁੱਕੀਆਂ ਰੁੱਤਾਂ ਵਾਂਗ ਲੰਘ ਗਏ।

ਨਾ ਕੋਈ ਜੱਫੀ , ਨਾ ਕੋਈ ਇਕੱਠਾ ਖਾਣਾ, ਨਾ ਕੋਈ ਅੱਖਾਂ ਨਾਲ ਮੁਲਾਕਾਤ।

ਸਿਰਫ਼ ਫ਼ੋਨ ਦੀਆਂ ਘੰਟੀਆਂ ਅਤੇ ਕੁਝ ਮਿੰਟਾਂ ਦੀਆਂ ਗੱਲਾਂ।

"ਤੁਹਾਡੀ ਉੱਥੇ ਜ਼ਿੰਦਗੀ ਕਿਵੇਂ ਜਾ ਰਹੀ ਹੈ ਡੈੱਡ ?"

ਪਿਤਾ ਦੀ ਆਵਾਜ਼ ਟੁੱਟੀ ਹੋਈ ਜਾਪਦੀ ਸੀ:

"ਪੁੱਤਰ, ਕੁਝ ਖ਼ਾਸ ਨਹੀਂ। ਹਰ ਰੋਜ਼ ਉਹੀ ਰੁਟੀਨ। ਪੈਸਾ ਤਾਂ ਹੈ... ਪਰ ਖੁਸ਼ੀ ਨਹੀਂ। ਘਰ ਵੱਡਾ ਹੈ, ਪਰ ਖ਼ਾਲੀ ਖ਼ਾਲੀ। ਰੋਟੀ ਹੈ, ਪਰ ਕਿਸੇ ਦੇ ਨਾਲ ਬੈਠ ਕੇ ਖਾਣ  ਨਸੀਬ ਨਹੀਂ।"

ਉਸ ਨੇ ਕੈਮਰੇ ਨਾਲ ਆਪਣੀ ਨਵੀਂ ਕਾਰ ਦਿਖਾਈ।

"ਵੇਖ ਪੁੱਤਰ, ਮੈਂ ਨਵੀਂ ਕਾਰ ਲਈ ਹੈ।"

"ਬਹੁਤ ਸੋਹਣੀ ਹੈ ਪਾਪਾ..."

"ਕੀ ਤੈਨੂੰ ਵੀ ਐਸੀ ਹੀ ਚਾਹੀਦੀ ਹੈ?"

ਪੁੱਤਰ ਨੇ ਮੁਸਕਰਾ ਕੇ ਕਿਹਾ, "ਹਾਂ ਪਾਪਾ, ਬਿਲਕੁਲ।"

ਪਰ ਅੰਦਰੋਂ ਉਸਦਾ ਦਿਲ ਰੋ ਪਿਆ। ਉਹ ਕਹਿਣਾ ਚਾਅ ਰਿਹਾ ਸੀ

"ਪਾਪਾ, ਗੱਡੀ ਤਾਂ ਮੈਂ ਖ਼ੁਦ ਵੀ ਖਰੀਦ ਲਵਾਂਗਾ। ਪਰ ਤੁਹਾਡੀ ਇਕ ਜੱਫੀ — ਉਹ ਮੇਰੇ ਲਈ ਸਭ ਤੋਂ ਵੱਡਾ ਤੋਹਫ਼ਾ ਹੋਵੇਗਾ। ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖ਼ੁਸ਼ੀ।"

ਪਿਤਾ ਨੇ ਘੜੀ ਵੇਖੀ।

"ਠੀਕ ਹੈ ਪੁੱਤਰ... ਹੁਣ ਮੈਨੂੰ ਜਾਣਾ ਪਏਗਾ। ਕੰਮ ਲਈ ਦੇਰ ਹੋ ਰਹੀ ਹੈ। ਬਾਅਦ ਵਿੱਚ ਗੱਲ ਕਰਾਂਗੇ।"

"ਠੀਕ ਹੈ ਪਾਪਾ..."

ਕਾਲ ਕੱਟ ਗਈ।

ਸਕਰੀਨ ਕਾਲੀ ਹੋ ਗਈ।

ਪਰ ਪੁੱਤਰ ਦੀਆਂ ਅੱਖਾਂ ਚਮਕਦੀਆਂ ਰਹੀਆਂ — ਹੰਝੂਆਂ ਨਾਲ।

ਇਹ ਉਹਨਾਂ ਦੀਆਂ ਗੱਲਾਂ ਸਨ — ਸਾਲਾਂ ਤੋਂ।

ਕੁਝ ਮਿੰਟਾਂ ਦੀਆਂ ਗੱਲਾਂ, ਜੋ ਪੰਦਰਾਂ ਸਾਲਾਂ ਦੇ ਇੰਤਜ਼ਾਰ ਦਾ ਬੋਝ ਨਹੀਂ ਹਲਕਾ ਕਰ ਸਕੀਆਂ।

ਇੱਕ ਪਾਸੇ ਪਿਤਾ — ਜੋ ਆਪਣੀ ਜ਼ਿੰਦਗੀ ਦੇ ਸਾਰੇ ਸੁੱਖ ਵੇਚ ਕੇ ਪੁੱਤਰ ਦਾ ਭਵਿੱਖ ਬਣਾ ਰਿਹਾ ਸੀ।

ਦੂਜੇ ਪਾਸੇ ਪੁੱਤਰ — ਜੋ ਹਰ ਰਾਤ ਅਸਮਾਨ ਨੂੰ ਤੱਕਦਾ, ਸੋਚਦਾ ਕਿ ਕਦੋਂ ਉਸਦਾ ਪਿਤਾ ਉਸਦੇ ਨਾਲ ਹੋਵੇਗਾ।

ਕਈ ਵਾਰੀ ਪੁੱਤਰ ਅੱਖਾਂ ਬੰਦ ਕਰਦਾ ਤੇ ਸੋਚਦਾ:

"ਜੇ ਪਾਪਾ ਮੇਰੇ ਕੋਲ ਹੁੰਦੇ... ਮੈਂ ਉਨ੍ਹਾਂ ਨੂੰ ਕਿੰਨਾ ਕੁਝ ਦੱਸਣਾ ਸੀ। ਆਪਣੇ ਸਕੂਲ ਦੇ ਦਿਨਾਂ ਦੀਆਂ ਗੱਲਾਂ, ਆਪਣੇ ਪਹਿਲੇ ਇਮਤਿਹਾਨਾਂ ਦਾ ਡਰ, ਆਪਣੀ ਪਹਿਲੀ ਕਾਮਯਾਬੀ ਦੀ ਖ਼ੁਸ਼ੀ... ਪਰ ਉਹ ਹਰ ਪਲ ਗ਼ਾਇਬ ਰਹੇ।"

ਦੂਜੇ ਪਾਸੇ ਪਿਤਾ ਵੀ ਹਰ ਰਾਤ ਅਜਨਬੀ ਦੇਸ਼ ਵਿੱਚ ਇਕੱਲੇ ਕਮਰੇ ਵਿੱਚ ਬੈਠ ਕੇ ਸੋਚਦਾ ਸੀ:

"ਮੇਰਾ ਪੁੱਤਰ ਹੁਣ ਵੱਡਾ ਹੋ ਗਿਆ ਹੋਵੇਗਾ। ਸ਼ਾਇਦ ਹੁਣ ਉਸਦੀ ਦਾਹੜੀ ਵੀ ਆ ਗਈ ਹੋਵੇ। ਪਰ ਮੈਂ ਉਸਨੂੰ ਵੱਡਾ ਹੁੰਦਾ ਵੇਖ ਨਹੀਂ ਸਕਿਆ।"

ਦੋਵੇਂ ਦਿਲ ਤੜਪਦੇ ਸਨ, ਪਰ ਦੋਵੇਂ ਆਪਣਾ ਦਰਦ ਇਕ-ਦੂਜੇ ਨਾਲ ਸਾਂਝਾ ਨਹੀਂ ਕਰ ਸਕਦੇ ਸਨ।

ਕਿਉਂਕਿ ਦੋਵੇਂ ਹੀ ਇਕ-ਦੂਜੇ ਨੂੰ ਰੁਲਾਉਣਾ ਨਹੀਂ ਚਾਹੁੰਦੇ ਸਨ।

ਪੰਦਰਾਂ ਸਾਲਾਂ ਦੀ ਦੂਰੀ...

ਪਰ ਇਕ ਗੱਲ ਸਾਂਝੀ ਸੀ —

ਪਿਆਰ।

ਜੋ ਨਾ ਦੂਰੀਆਂ ਨਾਲ਼ ਘਟਿਆ, ਨਾ ਸਮੇਂ ਨਾਲ।

ਸ਼ਾਇਦ ਕਿਸੇ ਦਿਨ...

ਉਹ ਮਿਲਣਗੇ।

ਤੇ ਉਹਨਾਂ ਦੀਆਂ ਅੱਖਾਂ ਵਿੱਚ ਜੰਮੇ ਪੰਦਰਾਂ ਸਾਲਾਂ ਦੇ ਹੰਝੂ

ਇੱਕ ਗਲਵੱਕੜੀ ਵਿੱਚ ਢਲ ਜਾਣਗੇ।

❁❁❁❁❁

•

# ਪਰਦੇਸੀ ਪੁੱਤ

ਪਿੰਡ ਭੰਡਾਲਾ ਦੀ ਇਕ ਛੋਟੀ ਗਲੀ, ਜਿਥੇ ਹਰ ਘਰ ਦੇ ਮੱਥੇ ਤੇ ਖ਼ੁਸ਼ੀ ਚਮਕਦੀ ਸੀ, ਉੱਥੇ ਇੱਕ ਘਰ ਸੀ — ਸੁਖਚੈਨ ਸਿੰਘ ਦਾ।

ਮਿੱਟੀ ਵਾਲੀ ਥਾਂ 'ਤੇ ਇੱਟਾਂ ਲਾ ਲਾ ਕੇ ਬਣਾਇਆ ਉਹ ਘਰ, ਤੇ ਅੱਖਾਂ ਵਿੱਚ ਇੱਕ ਹੀ ਸੁਪਨਾ ਸੀ:

"ਇਹ ਘਰ ਕਿਸੇ ਦਿਨ ਮੇਰੇ ਪੁੱਤਰ ਦੀ ਕਮਾਈ ਨਾਲ ਰੌਸ਼ਨ ਹੋਵੇ।"

ਸੁਖਚੈਨ ਦੀ ਜ਼ਿੰਦਗੀ ਵਧੀਆ ਸੀ। ਘੱਟ ਖਾਂਦਾ, ਘੱਟ ਸੌਂਦਾ, ਪਰ ਪੁੱਤਰ ਅਰਮਾਨ ਦੀ ਵਧਾਈ, ਉਸ ਦੀ ਕਾਮਯਾਬੀ ਦੀ ਚਰਚਾ ਸੁਣਕੇ ਹੀ ਰੋਟੀ ਹਜ਼ਮ ਕਰ ਲੈਂਦਾ।

ਅਰਮਾਨ, ਪਿੰਡ ਦਾ ਸਿਆਣਾ ਬੱਚਾ। ਅੱਖਾਂ ਵਿੱਚ ਚਮਕ। ਮਨ ਵਿੱਚ ਕਦੇ ਨਾ ਥੱਕਣ ਵਾਲੀ ਲਹਿਰ।

ਪਿਓ ਨੇ ਦੱਸਿਆ, "ਚਾਹੇ ਮੈਨੂੰ ਮੇਰੀ ਹੱਡੀਆਂ ਵੇਚਣੀਆਂ ਪੈਣ, ਪਰ ਤੈਨੂੰ ਵਿਦੇਸ਼ ਭੇਜਣਾ ਹੈ।"

ਅਰਮਾਨ ਨੇ ਕਿਹਾ, "ਬਾਪੂ, ਮੈਂ ਕਦੇ ਮੁੜ ਕੇ ਤੈਨੂੰ ਥੱਕਣ ਨਹੀਂ ਦਿਆਂਗਾ।"

ਸਾਲ 2012 'ਚ ਜਦ ਅਰਮਾਨ ਨੇ ਟੋਰਾਂਟੋ ਦੇ ਏਅਰਪੋਰਟ ਉੱਤੇ ਪੈਰ ਰੱਖਿਆ, ਉਸੇ ਵੇਲੇ ਸੁਖਚੈਨ ਨੇ ਗੁਰੂ ਦੇ ਦਰ ਤੇ ਮੱਥਾ ਟੇਕਿਆ:

ਓਸ ਦੇ ਅੰਦਰੋਂ ਆਵਾਜ਼ ਆਈ ।

"ਮੇਰੀ ਦੁਆਵਾਂ ਨੇ ਅੱਜ ਅਸਰ ਕਰ ਲਿਆ।"

ਅਰਮਾਨ ਨੇ ਨੌਕਰੀ ਲੱਭ ਲਈ, ਕਾਰ ਲੈ ਲਈ, ਫੇਸਬੁੱਕ ’ਤੇ ਨਵੀਆਂ ਨਵੀਆਂ ਤਸਵੀਰਾਂ ਆਉਣ ਲੱਗੀਆਂ।

ਪਰ ਸੁਖਚੈਨ ਦੇ ਫੋਨ ’ਤੇ... ਸਿਰਫ਼ ਰਿੰਗ ਜਾ ਕੇ ਚੁੱਪ ਹੋ ਜਾਂਦੀ।

ਹਰ ਰਾਤ ਉਹ ਆਪਣਾ ਪੁਰਾਣਾ ਨੋਕੀਆ ਖੋਲ੍ਹ ਕੇ ਕਹਿੰਦਾ,

“ਅੱਜ ਸ਼ਾਇਦ ਕਾਲ ਆ ਜਾਵੇ।”

ਫਿਰ ਰਾਤ ਦੀ ਠੰਡੀ ਹਵਾ ਵਿੱਚ ਉਹ ਆਪਣਾ ਸਿਰ ਬਾਹਰ  ਨਿਕਾਲ ਕੇ ਤੱਕਦਾ — ਜਿਵੇਂ ਕੋਈ ਪਰਛਾਵਾਂ ਆਉਂਦਾ ਹੋਵੇ।

2025 ਦੀ ਗਰਮੀ।

ਇੱਕ ਦਿਨ ਸੁਖਚੈਨ ਨੂੰ ਚੱਕਰ ਆਉਂਦੇ ਨੇ। ਲੋਕ ਹਸਪਤਾਲ ਲੈ ਜਾਂਦੇ ਹਨ। ਡਾਕਟਰ ਆਖਦਾ —

“ਬਹੁਤ ਤਕਲੀਫ਼ ’ਚ ਆ ਗਿਆ ਹੈ। ਦਿਲ ਹੋਲੀ  ਹੌਲੀ ਹਾਰ ਰਿਹਾ।”

ਸੁਖਚੈਨ ਨੇ ਨਰਸ ਨੂੰ ਕਿਹਾ,

“ਜੇ ਅਰਮਾਨ ਨੂੰ ਫ਼ੋਨ ਕਰ ਸਕੋ ਤਾਂ ਕਰ ਲਓ।

ਮੈਂ ਉਹਨੂੰ ਆਖ਼ਰੀ ਵਾਰੀ ਵੇਖਣਾ ਚਾਹੁੰਦਾ ਹਾਂ।”

ਪਰ ਅਰਮਾਨ ਬਿਜ਼ੀ ਸੀ। ਕਾਲਾਂ ਗਈਆਂ ਪਰ ਕੋਈ ਵੀ ਜਵਾਬ ਨਾ ਆਇਆ ।

ਸੁਖਚੈਨ ਨੇ ਆਪਣਾ ਪੁਰਾਣਾ ਕੱਪੜਿਆਂ ਵਾਲਾ ਝੋਲਾ ਮੰਗਵਾਇਆ ।

ਉਸ ‘ਚੋਂ ਇੱਕ ਕਾਗਜ਼ ਕੱਢਿਆ।

ਕਲਮ ਮੰਗਵਾਈ । ਹੱਥ ਕੰਬ ਰਹੇ ਸਨ, ਪਰ ਲਫ਼ਜ਼ ਸਾਫ਼ ਸਨ:

“ਪਿਆਰੇ ਪੁੱਤ ਅਰਮਾਨ,

ਜਦੋਂ ਤੂੰ ਛੋਟਾ ਸੀ, ਮੈਂ ਰਾਤਾਂ ਜਾਗ਼ ਤੇਰਾ ਬੁਖ਼ਾਰ ਮਾਪਦਾ ਸੀ,

ਤੇ ਅੱਜ ਮੈਂ ਆਪਣੀ ਆਖ਼ਰੀ ਸਾਹਾਂ ਦੀ ਗਿਣਤੀ ਕਰ ਰਿਹਾ ਹਾਂ — ਤੇਰੀ ਆਵਾਜ਼ ਸੁਣਨ ਲਈ।

ਪਰ ਜ਼ਿੰਦਗੀ ਨੇ ਮੈਨੂੰ ਇਹ ਸਿਖਾ ਦਿੱਤਾ ਕਿ,

ਜੋ ਦਿਲ ਦੇ ਨੇੜੇ ਹੁੰਦੇ ਨੇ, ਉਹ ਉਮੀਦਾਂ ਦੇ ਕੇ ਦੂਰ ਚਲੇ ਜਾਂਦੇ ਨੇ।

ਤੂੰ ਖ਼ੁਸ਼ ਰਹੀਂ, ਇਹੀ ਚਾਹੁੰਦਾ ਹਾਂ।

ਪਰ ਜੇ ਕਦੇ ਰਾਤ ਦੇ ਚੰਨ ਵਿਚ ਮੇਰਾ ਚਿਹਰਾ ਵੇਖੀਂ —

ਤਾਂ ਜਾਣੀਂ, ਤੇਰਾ ਬਾਪੂ ਹਮੇਸ਼ਾ ਤੇਰੇ ਨਾਲ ਸੀ।

ਮੈਂ ਦੁਆ ਕਰਦਾਂ ਤੇਰਾ ਪੁੱਤਰ ਮੇਰੇ ਪੁੱਤਰ ਵਰਗਾ ਨਾ ਨਿੱਕਲੇ ..

ਤੈਨੂੰ ਪਿਆਰ, ਤੇਰਾ ਪਿਓ,

ਸੁਖਚੈਨ।”

ਛੇ ਦਿਨ ਬਾਅਦ, ਅਰਮਾਨ ਆਇਆ।

ਲੰਬੀ ਕਾਰ, ਚਮਕਦਾਰ ਕੱਪੜੇ , ਪਰ ਨਜ਼ਰਾਂ ਥੱਕੀਆਂ।

ਉਹ ਕਬਰ ਤੋਂ ਬਾਹਰ ਰੋ ਰਿਹਾ ਸੀ —

ਕਿਉਂਕਿ ਹੁਣ ਉਸ ਕੋਲ ਨਾ ਪਿਉ ਸੀ, ਨਾ ਮਾਫ਼ੀ ।

ਉਹਨੇ ਚਿੱਠੀ ਪੜ੍ਹੀ —

ਤੇ ਆਖ਼ਰੀ ਲਫ਼ਜ਼ਾਂ ’ਤੇ ਅੱਖਾਂ ਰੋ ਪਈਆਂ:

“ਜੇ ਕਦੇ ਦਿਲ ਕਮਜ਼ੋਰ ਹੋਵੇ,

ਤਾਂ ਮੇਰੀ ਤਸਵੀਰ ਨੂੰ ਹੌਲੀ ਜਿਹਾ ਪਿਆਰ ਨਾਲ ਛੂਹੀ...”

ਅਰਮਾਨ ਨੇ ਅੱਜ ਫ਼ੋਨ ’ਚ ਪਿਉ ਦੀ ਤਸਵੀਰ ਲਾਈ,

ਪਰ ਫ਼ੋਨ ਹੁਣ ਵੀ “ਸਾਇਲੈਂਟ” ਸੀ।

❀❀❀❀❀

# ਚਿੱਠੀ (ਤੇਰੇ ਲਈ)

ਸਾਲਾਂ ਪਹਿਲਾਂ, ਸਦੀ ਦੀ ਬੁੱਕਲ ਤੋਂ ਪਾਰ ਜਦੋਂ ਤੂੰ ਇੱਥੋਂ ਗੁਜ਼ਰਿਆ ਸੀ , ਤੈਨੂੰ ਪਤਾ ? ਉਹਦੀ ਕੰਪਨ ਤੇ ਉਹ ਧੁਨਾਂ ਅੱਜ ਵੀ ਗੂੰਜਦੀਆਂ ਨੇ | ਕਿਸੇ ਦੇਸ਼ ਦੇ ਕਿਸੇ ਕੋਨੇ ਚੋਂ ਮੈਂ ਇੱਕ ਚਿੱਠੀ ਲਿਖ ਰਹੀ ਹਾਂ । ਓਹੀ ਚਿੱਠੀ ਜੋ ਮੈਨੂੰ ਸਾਲਾਂ ਪਹਿਲਾਂ ਹੀ ਲਿਖ ਦੇਣੀ ਚਾਹੀਦੀ ਸੀ ਪਰ ਮੈਂ ਸੋਚਦਿਆਂ ਬਹੁਤਾ ਵਕਤ ਲੰਘਾ ਦਿੱਤਾ । ਕਦੇ ਸਬੱਬ ਬਣਿਆ ਤਾਂ ਵਕਤ ਨਹੀਂ ਸੀ ਤੇ ਜਦੋਂ ਵਕਤ ਸੀ ਓਦੋਂ ਮੈਨੂੰ ਤੇਰੇ ਖਿਆਲ ਕੁੱਝ ਲਿਖਣ ਨਹੀਂ ਦਿੰਦੇ । ਅਜਿਹਾ ਬਿਲਕੁਲ ਵੀ ਨਹੀਂ ਕਿ ਤੇਰੇ ਪਹਿਲਾਂ ਮੇਰੀ ਜ਼ਿੰਦਗੀ ਇਕੱਲੀ ਸੀ, ਇਹ ਬਿਲਕੁਲ ਝੂਠ ਹੈ । ਹਾਂ ਪਰ ਇਹ ਸੱਚ ਹੈ ਕਿ ਮੇਰੀ ਜ਼ਿੰਦਗੀ ਖ਼ਾਲੀ ਜ਼ਰੂਰ ਸੀ । ਜਦੋਂ ਆਪਣੀ ਪਹਿਲੀ ਵਾਰ ਗੱਲ ਜਿਹੀ ਹੋਈ ਸੀ ਨਾ ...ਹਾਂ ਬੇਸ਼ਕ ਉਹ ਚਿੱਠੀ ਨਹੀਂ ਇੱਕ ਮੈਸੇਜ ਸੀ ਜੋ ਨਿੱਕੀ ਜਿਹੀ ਹੈਲੋ ਹਾਏ ਤੇ ਖ਼ਤਮ ਹੋ ਗਿਆ ਸੀ, ਮੇਰੇ ਮਨ ਚ ਕਦੇ ਵੀ ਇਹ ਖਿਆਲ ਨਹੀਂ ਸੀ ਕਿ ਤੂੰ ਇੰਨਾ ਖ਼ਾਸ ਹੋ ਜਾਏਂਗਾ । ਖ਼ਾਸ ਛੱਡ ਤੂੰ ਮੇਰਾ ਹੀ ਹਿੱਸਾ ਹੋ ਜਾਏਂਗਾ । ਮੈਂ ਜ਼ਿੰਦਗੀ ਦੇ ਓਸ ਮੁਕਾਮ ਤੇ ਸਾਂ ਜਿੱਥੇ ਮੇਰੇ ਕੋਲ਼ ਸ਼ਾਇਦ ਸਭ ਕੁੱਝ ਸੀ ਪਰ ਅਸਲ ਚ ਉਹ ਸਭ ਇੱਕ ਝੂਠ ਸੀ । ਮੈਂ ਝੂਠੇ ਤੇ ਮਤਲਬੀ ਲੋਕਾਂ ਨਾਲ਼ ਘਿਰੀ ਹੋਈ ਸਾਂ ਤੇ ਤੂੰ ਆਣ ਕੇ ਮੈਨੂੰ ਇੱਕ ਹੁਲਾਰਾ ਦਿੱਤਾ । ਮੇਰੀ ਜ਼ਿੰਦਗੀ ਦੇ ਬੁਰੇ ਦਿਨ ਕਿਸੇ ਆਤਿਸ਼ਬਾਜ਼ੀ ਵਾਂਗ ਦੂਰ ਜਾ ਡਿੱਗੇ । ਮੇਰੀ ਜ਼ਿੰਦਗੀ ਅੰਦਰ ਚੰਨ ਜਿਹਾ ਪ੍ਰਕਾਸ਼ ਆ ਗਿਆ । ਉਹ ਸਭ ਜੋ ਮੈਂ ਉਦੋਂ ਲੱਭਦੀ ਸਾਂ ਜਦ ਮੇਰੇ ਕੋਲ਼ ਸਭ ਹੁੰਦੇ ਹੋਏ ਵੀ ਜ਼ਿੰਦਗੀ ਅਧੂਰੀ ਸੀ ।

ਅਜਿਹਾ ਵੀ ਨਹੀਂ ਹੈ ਕਿ ਮੈਂ ਪਹਿਲਾਂ ਕਿਸੇ ਨੂੰ ਚਾਹਿਆ ਨਹੀਂ ਪਰ ਅਜਿਹਾ ਜ਼ਰੂਰ ਹੈ ਕਿ ਸਭ ਦੀ ਕੋਈ ਨਾ ਕੋਈ ਮੰਗ ਸੀ । ਤੂੰ ਮੈਨੂੰ ਸੁਤੰਤਰ ਕੀਤਾ । ਮੈਨੂੰ ਮੇਰੇ ਵਾਂਗ ਹੀ ਜੀਉਣ ਦਿੱਤਾ ਤੇ ਮੇਰੀ ਹਰ ਗਲਤੀ ਨੂੰ ਹੱਸ ਕੇ ਸਵੀਕਾਰਿਆ । ਤੂੰ ਰੱਬ ਨਹੀਂ ਭਲਿਆ ਤੂੰ ਤਾਂ ਰੱਬ ਤੋਂ ਵੀ ਉੱਪਰ ਨਿਕਲਿਆ।

ਜਿਹੜੇ ਵਕਤ ਮੈਂ ਤੇਰੀ ਤਸਵੀਰ ਨੂੰ ਜ਼ੂਮ ਕਰਕੇ ਵੇਖਾਂ , ਮੈਨੂੰ ਤੇਰੀਆਂ ਅੱਖਾਂ ਅੰਦਰ ਇੱਕ ਭੋਲਾਪਣ ਦਿਖਦਾ ਏ  ਤੇ ਇੱਕ ਸਕੂਨ ਜਿਹੜਾ ਤੇਰੇ ਅੰਦਰ ਇਸ

ਗੱਲ ਨਾਲ਼ ਆਉਂਦਾ ਏ ਕਿ ਮੈਂ ਤੇਰੇ ਨਾਲ਼ ਖੜੀ ਹਾਂ ਅੱਜ ਵੀ ਤੇ ਹਮੇਸ਼ਾਂ ।

ਤੇਰੀ ਉਹ ਨਿੱਕੀ ਜਿਹੀ ਹੈਲੋ ਕਦੋਂ ਲੰਬੀਆਂ ਵੀਡੀਓ ਕਾਲਾਂ ਵਿੱਚ ਤਬਦੀਲ ਹੋਈ ਇਹ ਹਾਲੇ ਵੀ ਇੱਕ ਪਹੇਲੀ ਏ ਪਰ ਮੇਰੀ ਜ਼ਿੰਦਗੀ ਦੇ ਵਿੱਚ ਆਏ ਹਰ ਇਨਸਾਨ ਨਾਲੋ਼ ਤੂੰ ਵੱਖਰਾ ਏ । ਤੂੰ ਮੈਨੂੰ ਸੰਪੂਰਨ ਕਰਦਾ ਏ । ਜਦ ਕਿੱਧਰੇ ਤੂੰ ਹੱਸਦਾ ਏਂ ਮੈਨੂੰ ਇੰਝ ਲੱਗਦਾ ਏ ਰੱਬ ਮੇਰੇ ਕਿੰਨੀ ਨੇੜੇ ਏ । ਹਾਂ ਜਦ ਗੱਲਾਂ ਕਰਦੇ ਕਰਦੇ ਤੂੰ ਆਪਣੇ ਕਿਸੇ ਖ਼ਾਸ ਰਿਸ਼ਤੇਦਾਰ ਜਾਂ ਦੋਸਤ ਦੀ ਗੱਲ ਦੱਸਦਾ ਏ ਤੇ ਮੈਂ ਬੱਸ ਇੱਕਟੱਕ ਸੁਣਦੀ ਜਾਂਦੀ ਆ , ਮੇਰਾ ਦਿਲ ਕਰਦਾ ਏ ਤੇਰੇ ਨਾਲ਼ ਜੁੜੇ ਹਰ ਰਿਸ਼ਤੇ , ਹਰ ਚੀਜ਼ ਨੂੰ ਮੁਹੱਬਤ ਕਰਨ ਦਾ ਕਿਉਂਕਿ ਉਹ ਤੇਰੀਆਂ ਨੇ ਤੇ ਹਾਂ ਮੈਂ ਵੀ । ਮੈਂ ਵੀ ਤਾਂ ਤੇਰੀ ਹਾਂ ਇਸ ਲਈ ਮੈਂ ਆਪੇ ਨੂੰ ਮੁਹੱਬਤ ਕਰਨੀ ਵੀ ਸਿੱਖ ਗਈ ਆ।

ਮੁਹੱਬਤ ਕਦੇ ਵੀ ਬੰਦਿਸ਼ਾਂ ਨਹੀਂ ਸਿਖਾਉਂਦੀ । ਤੂੰ ਮੈਨੂੰ ਇਹ ਸਿਖਾ ਦਿੱਤਾ ਏ ਕਿ ਮੁਹੱਬਤ ਅਜ਼ਾਦੀ ਦਿੰਦੀ ਏ । ਦੋ ਦੇਸ਼ਾਂ ਦੇ ਅਲੱਗ ਅਲੱਗ ਕੋਨਿਆ ਚ ਬੈਠ, ਸਬਰ ਦੀ ਬੇੜੀ ਤੇ ਸਵਾਰ ਅਸੀਂ ਇੱਕ ਦੂਜੇ ਨੂੰ ਮਿਲ਼ ਦੁਨੀਆ ਦੇ ਕਿਸੇ ਕੋਨੇ ਵਿੱਚ ਹਮੇਸ਼ਾਂ ਲਈ ਗੁੰਮਨਾਮ ਜਹੇ ਹੋ ਜਾਣ ਦੇ ਤਲਬਗਾਰ ਹਾਂ | ਇਹ ਭੈੜੇ ਜਹੇ ਜ਼ਮਾਨੇ ਵਾਲ਼ੇ ਤੇਰੀ ਮੇਰੀ ਮੁਹੱਬਤ ਕਦੇ ਨਹੀਂ ਸਮਝ ਸਕਣਗੇ ਪਰ ਮੇਰੀ ਗੱਲ ਮਨ

ਖ਼ੁਦਾ ਸਮਝਦਾ ਏ ਤਾਹੀਂ ਅਨੇਕਾਂ ਮੁਸੀਬਤਾਂ ਬਾਅਦ ਵੀ ਅਸੀਂ ਪਿਆਰ ਚ ਡੁੱਬਦੇ ਜਾ ਰਹੇ ਆਂ

ਤੇਰੇ ਜਵਾਬ ਦੀ ਉਡੀਕ ਚ ......

ਤੇਰੀ ਪਿਆਰੀ

❁❁❁❁❁

# ਕਨੇਡਾ

ਉਹ ਚਾਰ ਸਾਲਾਂ ਬਾਅਦ ਮਿਲੇ ।

ਓਸੇ ਪਿੰਡ ਦੀ ਫਿਰਨੀ ਤੇ ਜਿੱਥੇ ਕਦੇ ਉਹ ਲੋਕਾਂ ਤੋਂ ਲੁਕ ਆਪਣੀ ਮੁਹੱਬਤ ਦੇ ਪਲਾਂ ਨੂੰ ਜੀਅ ਲੈਂਦੇ ।

ਨਵੀਨ - ਕੀ ਹਾਲ ਏ ਪਰਨੀਤ ? ਰਾਸ ਆ ਗਿਆ ਕਨੇਡਾ?

ਪਰਨੀਤ - (ਆਪਣੀ ਚੁੰਨੀ ਦੇ ਲੜ ਨਾਲ਼ ਹੰਜੂ ਪੂੰਝਦਿਆਂ) ਤੈਨੂੰ ਕੀ ਲੱਗਦਾ ਏ? ਰਾਸ ਆ ਗਿਆ ਹੋਵੇਗਾ?

ਨਵੀਨ - ਆ ਹੀ ਗਿਆ ਹੋਣਾ । ਤਾਹੀਂ ਤੈਨੂੰ ਮੇਰਾ ਸੱਤ ਸਾਲ ਦਾ ਪਿਆਰ ਭੁਲਾ ਕੇ ਕਨੇਡਾ ਵਾਲਿਆਂ ਦੀ ਡੋਲੀ ਚ ਬਹਿਣਾ ਪੈ ਗਿਆ ।

ਪਰਨੀਤ - ਹਾਂ ਤੇਰੇ ਲਈ ਇਹ ਗੱਲ ਕਹਿਣੀ ਬਹੁਤ ਆਸਾਨ ਏ ਨਵੀਨ ਪਰ ਤੈਨੂੰ ਨਹੀਂ ਪਤਾ ਮੇਰੇ ਦਿਲ ਤੇ ਕੀ ਬੀਤਦੀ ਰਹੀ ਏ । ਜਿਹੜੇ ਇਨਸਾਨ ਨੂੰ ਮੈਂ ਜਾਣਦੀ ਵੀ ਨਹੀਂ ਉਹਦੇ ਨਾਲ਼ ਮੈਨੂੰ ਸੌਣਾ ਪੈਂਦਾ ਏ ਤੇ ਇਹ ਸਭ ਪਿੱਛੇ ਮੈਨੂੰ ਕਨੇਡਾ ਦਾ ਲਾਲਚ ਨਹੀਂ ਸੀ ਨਵੀਨ । ਮੇਰੇ ਪਿੱਛੇ ਘਰੇ 3 ਭੈਣੇ ਕਵਾਰੀਆਂ ਨੇ । ਜੇ ਮੈਂ ਕੌੜਾ ਘੁੱਟ ਨਾ ਭਰਦੀ ਉਹਨਾਂ ਦਾ ਕੁੱਝ ਨਾ ਬਣਦਾ ।

ਨਵੀਨ - ਮੈਂ ਵੀ ਸਭ ਕੁੱਝ ਕਰ ਹੀ ਲੈਣਾ ਸੀ ਪਰ ਤੂੰ ਰੁੱਕੀ ਹੀ ਨਹੀਂ ।

ਪਰਨੀਤ - ਤੈਨੂੰ ਕੀ ਲੱਗਦਾ ਮੈਂ ਨਹੀਂ ਕੀਤਾ ਹੋਏਗਾ ਕੁੱਝ? ਤੇਰੇ ਲਈ ਮੈਂ ਮਾਪਿਆਂ ਨਾਲ਼ ਲੜੀ ਹਾਂ । ਪਰ ਓਹਨਾ ਨੇ ਮੈਨੂੰ ਦੋ ਰਾਸਤੇ ਦਿੱਤੇ ਜਾਂ ਮੈਂ ਸਾਰੇ ਟੱਬਰ ਨੂੰ ਜ਼ਹਿਰ ਦੇ ਦਿਆਂ ਜਾਂ ਆਪਣੀ ਬਲੀ ਦੇ ਕੇ ਓਹਨਾ ਦਾ ਭਵਿੱਖ ਬਣਾ ਦਿਆਂ .. ਕੁੜੀ ਹੋਣਾ ਇੰਨਾ ਵੀ ਆਸਾਨ ਨਹੀਂ ਜਿੰਨਾ ਤੂੰ ਸਮਝਦਾਂ ਏ । ਤੈਨੂੰ ਇੱਕ ਮਿੰਟ ਲੱਗਿਆ ਹੋਏਗਾ ਮੈਨੂੰ ਬੇਵਫ਼ਾ ਜਾਂ ਲਾਲਚੀ ਕਹਿਣ ਨੂੰ ਪਰ ਮੈਨੂੰ ਮੌਤ ਤੱਕ ਦਾ ਵਕਤ ਲੱਗੇਗਾ ਸਾਰੇ ਦੁੱਖਾਂ ਨੂੰ ਭੁੱਲਣ ਲਈ । ਮੈਂ ਤਾਂ ਤੇਰੇ ਕੋਲੋਂ ਮਾਫ਼ੀ ਵੀ ਨਹੀਂ ਮੰਗ ਸਕਦੀ । ਫ਼ੇਰ ਵੀ ਹੋ ਸਕੇ ਤਾਂ ਮਾਫ਼ ਕਰ ਦੇਈ ।

ਹੰਝੂਆਂ ਨਾਲ਼ ਭਿੱਜੇ ਦੋਵੇਂ ਆਪੋ ਆਪਣੇ ਘਰ ਦੇ ਰਾਹ ਪੈ ਗਏ । ਕੁੱਝ ਰਿਸ਼ਤੇ ਰੱਬ ਤਾਂ ਬਣਾ ਦਿੰਦਾ ਪਰ ਸਮਾਜ ਤੇ ਮਾਪਿਆਂ ਵੱਲੋਂ ਸਵੀਕਾਰੇ ਨਹੀਂ ਜਾਂਦੇ ।

❀❀❀❀❀

# ਸੁਪਨਾ

ਕਿੰਨਾ ਸੁਹਾਵਣਾ ਦਿਨ , ਆਸ ਪਾਸ ਦੇ ਖੇਤਾਂ ਚੋਂ ਸੁਬਾਹ ਸੁਵੱਖਤੇ ਉੱਡਦੀ ਮਹਿਕ ਤੇ ਚਿੜੀਆਂ  ਦੀ ਚੀਂ ਚੀਂ । ਉਹ ਮੇਰਾ ਹੱਥ ਫੜੀ ਪਿੰਡ ਦੀ ਫਿਰਨੀ ਤੋਂ ਮੇਰੇ ਨਾਲ਼ ਨਾਲ਼ ਜਾ ਰਿਹਾ ਸੀ । ਸਵੇਰ ਦੀ ਸੈਰ ਦਾ ਆਪਣਾ ਹੀ ਅਨੰਦ ਹੁੰਦਾ ਏ । ਗੁਰੂ ਘਰ ਦੇ ਸਪੀਕਰ ਚੋਂ ਗੁਰਬਾਣੀ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਸੀ । ਹੌਲੇ ਜਹੇ ਉਹਨੇ  ਇੱਕ ਚਿੱਟੇ ਰੰਗ ਦੀ ਕਲੀ ਤੋੜ ਮੇਰੇ ਕੰਨ ਦੇ ਉੱਤੇ  ਧਰ ਦਿੱਤੀ । ਸੋਹਣਾ ਸਮਾਂ , ਸੋਹਣਾ ਦਿਨ ਤੇ ਹਮਸਫ਼ਰ ਨਾਲ਼ । ਮੈਨੂੰ ਲੱਗਦਾ ਇੱਥੇ ਹੀ ਤਾਂ ਹੈ ਦੁਨੀਆਂ ਦਾ ਅੰਤ । ਇਸਤੋਂ ਉੱਪਰ ਭਲਾ ਕੀ ਹੈ ? ਮੈਨੂੰ ਨਹੀਂ ਜਾਪਦਾ ਰੱਬ ਨੇ ਵੀ ਕਦੇ ਇਸਤੋਂ ਅੱਗੇ ਸੋਚਿਆ ਹੋਵੇਗਾ ।

ਤਿਪ - ਤਿਪ ਕਰਕੇ ਮੀਂਹ ਮੇਰੇ ਚਿਹਰੇ ਤੇ ਡਿੱਗਣ ਲੱਗਾ ਤੇ ਉਹ ਆਪਣੇ ਹੱਥਾਂ ਨਾਲ਼ ਮੇਰੇ ਚਿਹਰੇ ਨੂੰ ਢੱਕਦਾ ਬੋਲਿਆ " ਹੁਣ ਠੀਕ ਏ ਨਾ "?

"ਨਹੀਂ ਇਹ ਠੀਕ ਨਹੀਂ ਏ, ਰੱਬ ਦੀ ਬਣਾਈ ਕੁਦਰਤ ਜੇ  ਸਾਨੂੰ ਆਪਣੇ ਰੰਗ ਵਿੱਚ ਢਾਲ ਦੇਣਾ ਚਾਹੁੰਦੀ ਏ ਤਾਂ ਢਲ ਜਾਂਦੇ ਆ "

ਉਹ ਹਮੇਸ਼ਾਂ ਘੱਟ ਹੀ ਬੋਲਦਾ ਏ ... ਕਿੰਨੇ ਸਾਲਾਂ ਬਾਅਦ ਉਹ ਅੱਜ ਵੀ ਬਦਲਿਆ ਨਹੀਂ । ਅਸੀਂ ਫ਼ੇਰ ਹੱਥਾਂ ਵਿੱਚ ਹੱਥ ਪਾ ਤੁਰਨ ਲੱਗੇ ।

ਬਾਰਿਸ਼ ਵਾਕਈ ਤੇਜ਼ ਹੋ ਰਹੀ ਸੀ ।

ਅਸੀਂ ਭੱਜ ਕੇ ਇੱਕ ਕਾਨਿਆਂ ਦੇ ਛੱਪਰ ਹੇਠ ਜਾ ਖੜ੍ਹੇ ਹੋਏ । ਖੇਤਾਂ ਤੇ ਪੈਂਦੇ ਇਸ ਰੱਬ ਦੇ ਪਾਣੀ ਦਾ ਅਸੀਂ ਦੂਰੋਂ ਅਨੰਦ ਮਾਣਨ ਲੱਗੇ । ਮੇਰੇ ਵਾਲ਼ਾਂ ਚ ਸਜੀ ਹੋਈ ਕਲੀ ਮੀਂਹ ਨਾਲ਼ ਹੋਰ ਨਿੱਖਰ ਗਈ ਸੀ ।

ਉਹ ਆਖਣ ਲੱਗਾ " ਜੇ ਮੇਰੇ ਕੋਲ਼ ਕੈਮਰਾ ਹੁੰਦਾ ਤਾਂ ਮੈਂ ਤੇਰੀ ਤਸਵੀਰ ਖਿੱਚ ਲੈਂਦਾ "

ਮੈਂ ਹੱਸਦਿਆਂ ਕਿਹਾ " ਰੱਬ ਦੇ ਕੈਮਰੇ ਨਾਲੋਂ ਵੱਡਾ ਕੁੱਝ ਵੀ ਨਹੀਂ, ਉਹ ਤਾਂ ਸਾਡੇ

ਦੋਹਾਂ ਦੀ ਤਸਵੀਰ ਖਿੱਚ ਰਿਹਾ ਏ "

ਉਹਨੇ ਆਪਣੇ ਚਿੱਟੇ ਕੁੜਤੇ ਦੀ ਜੇਬ ਵਿੱਚੋਂ ਇੱਕ ਨਿੱਕਾ ਜਿਹਾ ਕਾਲ਼ੇ ਰੰਗ ਦਾ ਮੋਬਾਈਲ ਫ਼ੋਨ ਕੱਢਿਆ । ਉਹਦੇ ਬਟਨ ਵੀ ਥੋੜੇ ਢਿੱਲੇ ਜਹੇ ਜਾਪ ਰਹੇ ਸੀ ਜੀਕਣ ਕਿੰਨੇ ਹੀ ਵਕਤ ਤੋਂ ਉਹਨੂੰ ਬਦਲਿਆ ਨਾ ਗਿਆ ਹੋਵੇ ।

ਓਹਨੇ ਇੱਕ ਧੁੰਦਲੇ ਜਹੇ ਕੈਮਰੇ ਵਿੱਚ ਮੇਰੀ ਤਸਵੀਰ ਖਿੱਚੀ ਟਿਊ ਆਖਣ ਲੱਗਾ ।

"ਇਹ ਕੈਮਰਾ ਮੇਰੇ ਨਾਲ਼ ਇਨਸਾਫ਼ ਨਹੀਂ ਕਰ ਰਿਹਾ ।

ਤੂੰ ਇਸ ਤਸਵੀਰ ਨਾਲ਼ੋਂ ਕਿਤੇ ਜ਼ਿਆਦਾ ਸੋਹਣੀ ਏਂ ।"

ਬਾਰਿਸ਼ ਰੁੱਕ ਗਈ

ਮੈਂ ਸੰਗਦਿਆਂ ਉਹਦੇ ਹੱਥ ਦੁਬਾਰਾ ਫੜ੍ਹ ਲਿਆ । ਅਸੀਂ ਫ਼ੇਰ ਤੋਂ ਉਹੀ ਕੱਚੇ ਰਾਸਤੇ ਤੁਰਨ ਲੱਗੇ । ਹੁਣ ਰਾਸਤਾ ਥੋੜ੍ਹਾ ਗਿੱਲਾ ਹੋ ਗਿਆ ਸੀ ਤੇ ਮੁਸ਼ਕਿਲ ਵੀ । ਮੈਂ ਹਲਕਾ ਜਿਹਾ ਉਹਦੀਆਂ ਅੱਖਾਂ ਵੱਲ ਦੇਖਿਆ ਜਿਵੇਂ ਕਹਿ ਰਹੀ ਹੋਵਾਂ

"ਦੇਖੀਂ ਰਾਸਤਾ ਹੀ ਮੁਸ਼ਕਿਲ ਏ ਪਰ ਮੰਜ਼ਿਲ ਨਹੀਂ ", ਤੂੰ ਮੇਰਾ ਹੱਥ ਨਾ ਛੱਡੀ " ਤੇ ਉਹ ਕੁੱਝ ਵੀ ਨਾ ਸੀ ਬੋਲ ਰਿਹਾ

ਬੱਸ ਵੇਖ ਰਿਹਾ ਸੀ ਬਿਨਾ ਅੱਖ ਝਪਕੇ ।

ਅਚਾਨਕ ਉਹਦੇ ਹੱਥ ਮੇਰੇ ਹੱਥ ਚੋਂ ਛੁੱਟ ਗਿਆ । ਹਰ ਪਾਸੇ ਅੰਧਕਾਰ ਛਾ ਗਿਆ । ਮੈਨੂੰ ਕਾਲ਼ੇ ਹਨੇਰੇ ਤੋਂ ਇਲਾਵਾ ਕੁੱਝ ਵੀ ਨਜ਼ਰ ਨਹੀਂ ਸੀ ਆ ਰਿਹਾ ।

ਮੈਂ ਚੀਕੀ "ਤੂੰ ਕਿੱਥੇ ਗਿਆ ਏਂ? ਮੈਨੂੰ ਡਰ ਲੱਗ ਰਿਹਾ ਏ । ਮੈਂ ਕਿਹਾ ਸੀ ਤੂੰ ਮੇਰਾ ਹੱਥ ਨਾ ਛੱਡੀਂ । ਉਹਦੀ ਕੋਈ ਆਵਾਜ਼ ਨਹੀਂ ਆਈ । ਸਭ ਸ਼ਾਂਤ ਹੋ ਗਿਆ ।

ਮੈਂ ਡਰਕੇ ਉੱਠੀ । ਆਸਾ ਪਾਸਾ ਤਕਿਆ । ਇਹ ਇੱਕ ਸੁਪਨਾ ਸੀ । ਭਿਆਨਕ ਤੇ ਡਰਾਵਣਾ । ਮੈਂ ਫ਼ੋਨ ਉਠਾਇਆ । ਸਵੇਰ ਦੇ ਨੌਂ ਵੱਜ ਰਹੇ ਸੀ । ਮੈਂ ਫ਼ੋਨ ਦੀ ਸਿਕ੍ਰੇਟ ਗੈਲਰੀ ਚ ਜਾ ਪੁਰਾਣੀਆਂ ਤਸਵੀਰਾਂ ਛਾਂਟਣ ਲੱਗੀ । ਉਹ ਤਾਂ ਬਾਰਾਂ ਸਾਲ ਪਿੱਛੇ ਰਹਿ ਗਿਆ ਸੀ । ਓਸ ਮੋੜ ਤੇ ਜਿੱਥੇ ਉਹ ਚੁੱਪ ਚਾਪ ਚਲਿਆ ਗਿਆ ..ਹੱਥ ਛੱਡ ਕੇ ਪਰ ਕਿਉਂ? ਪਤਾ ਨਹੀਂ

ਸ਼ਾਇਦ ਓਸ ਰਿਸ਼ਤੇ ਦਾ ਅੰਤ ਇਹ ਹੁੰਦਾ ...ਉਹਦੇ  ਪਿੰਡ ਦੀ ਸਵੇਰ ਦੀ ਸੈਰ ਤੇ ਗੁਰਬਾਣੀ । ਠੰਡੀਆਂ ਵਾਵਾਂ ਚ ਅਸੀਂ ਦੋਨੋਂ ਰਲ ਮਿਲ ਕੇ ਇੱਕ ਹੋ ਜਾਂਦੇ ਪਰ ਮੇਰੇ ਹਿੱਸੇ ਸਿਰਫ਼ ਓਸਦੇ ਘਰ ਦੇ ਦਰਵਾਜ਼ੇ ਦੀ ਇੱਕ ਤਸਵੀਰ ਆਈ ਜਿਹੜੀ 12 ਸਾਲ ਬਾਅਦ ਵੀ ਮੈਨੂੰ ਯਾਦ ਕਰਵਾਉਂਦੀ ਏ ਉਹ ਮੇਰੇ ਜ਼ਿਹਨ ਚੋਂ ਕਦੇ ਨਿੱਕਲਿਆ ਹੀ ਨਹੀਂ ਪਰ ਉਹ ਕੁਦਰਤ ਦੀ ਬਣਾਈ ਇੱਕ ਕਲੀ ਤੋੜ ਗਿਆ ...

❀❀❀❀❀

# ਸਨੈਪਚੈਟ

Snapchat ਤੇ ਇੱਕ request ਆਈ । ਨਾਮ ਜਾਣਿਆ ਪਹਿਚਾਣਿਆ ਸੀ । ਸੱਚ ਕਹਾਂ ਤਾਂ ਨਾਮ ਜਿਹਨੂੰ ਪੜ੍ਹਕੇ ਦਿਲ ਜ਼ੋਰ ਜ਼ੋਰ ਨਾਲ਼ ਧੜਕਣ ਲੱਗਦਾ ਸੀ । ਉਦੋਂ ਵੀ ਤੇ ਹੁਣ ਵੀ ।

ਮੈਂ ਅਕਸਰ ਹੀ ਐਵੇਂ ਕਿਸੇ ਨੂੰ ਦੋਸਤ ਨਹੀਂ ਬਣਾਉਂਦੀ । ਗਿਣਤੀ ਦੇ ਚਾਰ ਪੰਜ ਸ਼ਾਇਦ ਹੋਣਗੇ snap ਤੇ । ਮੈਨੂੰ ਇਹ ਵੀ ਬਿਲਕੁਲ ਨਹੀਂ ਸੀ ਪਤਾ ਇਹ ਉਹਦੇ ਹੀ ਅਕਾਊਂਟ ਹੈ ਜਾਂ ਕਿਸੇ ਹੋਰ ਦਾ । ਮੈਂ ਆਮੁਮਨ ਓਹਦੀ ਪਬਲਿਕ ਪ੍ਰੋਫਾਈਲ ਦੇਖਣ ਲੱਗੀ । ਜਿੱਥੋਂ ਤੱਕ ਮੈਨੂੰ ਯਾਦ ਏ ਉਹ ਕਦੇ ਵੀ ਆਪਣੀ ਕੋਈ ਫ਼ੋਟੋ ਕਿੱਧਰੇ ਅਪਲੋਡ ਨਹੀ ਕਰਦਾ ।

ਮੇਰਾ ਸ਼ੱਕ ਸਹੀ ਹੀ ਨਿੱਕਲਿਆ । ਹਾਲਾਂਕਿ ਹਮੇਸ਼ਾਂ ਵਾਂਗ ਉਹਦੀ ਕੋਈ ਖ਼ਾਸ ਫ਼ੋਟੋ ਨਾ ਮਿਲ਼ੀ ਪਰ ਇੱਕ ਫ਼ੋਟੋ ਚ ਉਹ ਪਹਿਚਾਣਿਆ ਜਾ ਰਿਹਾ ਸੀ । ਹਾਂ ਪੱਗ ਬੰਨ ਰੱਖੀ ਸੀ ਤਾਂ ਸ਼ਾਇਦ ਥੋੜਾ ਮੁਸ਼ਕਿਲ ਸੀ ਪਰ ਪਹਿਚਾਣ ਚ ਆ ਰਿਹਾ ਸੀ ।

ਮੈਂ ਕੰਬਦੇ ਹੱਥਾਂ ਤੇ ਧੜਕਦੇ ਦਿਲ ਨਾਲ਼ ਓਹਨੂੰ ਐਡ ਕਰ ਲਿਆ ।

ਇੱਕ ਮਹੀਨਾ , ਦੋ ਤੇ ਸ਼ਾਇਦ ਛੇ ਮਹੀਨੇ ਹੋ ਗਏ ਬੱਸ ਸਟ੍ਰੀਕਾਂ ਆਉਂਦੀਆਂ ਗਈਆਂ ਇੱਧਰੋਂ ਓਧਰ ਤੇ ਉੱਧਰੋਂ ਇੱਧਰ, ਗੱਲ ਕੋਈ ਵੀ ਨਾ ਹੋਈ ।

ਮੈਂ ਜ਼ਿੰਦਗੀ ਚ ਬਹੁਤ ਅੱਗੇ ਵੱਧ ਗਈ ਆਂ ਤੇ ਮੈਨੂੰ ਯਕੀਨ ਏ ਉਹ ਵੀ ਬਹੁਤ ਅੱਗੇ ਪਹੁੰਚ ਗਿਆ ਹੋਵੇਗਾ । ਜੇ ਹੋਰ ਨਹੀਂ ਤਾਂ ਉਹਦੀ ਜ਼ਿੰਦਗੀ ਚ ਕੋਈ ਆ ਤਾਂ ਗਿਆ ਹੋਵੇਗਾ ।

ਖ਼ੈਰ ਮੈਂ ਕਦੇ ਪੁੱਛਣਾ ਜ਼ਰੂਰੀ ਨਹੀਂ ਸਮਝਿਆ ਤੇ ਸ਼ਾਇਦ ਹੁਣ ਗੱਲਾਂ ਦਾ ਫ਼ਾਇਦਾ ਵੀ ਕੀ ਸੀ ਪਰ ਇਹ ਸੱਚ ਮੇਰੀ ਜ਼ਿੰਦਗੀ ਦਾ ਹਮੇਸ਼ਾਂ ਰਹੇਗਾ

ਮੈਂ ਜੋ ਮੁਹੱਬਤ ਸਿੱਖੀ ਉਹਦੇ ਕੋਲੋਂ ਹੀ ਸਿੱਖੀ । ਪਰ ਜਦੋਂ ਉਹ ਮੁਹੱਬਤ ਨੂੰ ਸਾਂਭ

ਲੈਣ ਦਾ ਵਕਤ ਸੀ , ਉਹ ਵੇਲ਼ਾ ਮੇਰੇ ਹੱਥੋਂ ਖੁੰਝ ਗਿਆ । ਮੈਂ ਓਹਨੂੰ ਕਦੇ ਵੀ ਗਵਾਉਣਾ ਨਹੀਂ ਸੀ ਚਾਹੁੰਦੀ ਪਰ ਮੇਰੇ ਕੋਲੋਂ ਅਣਜਾਣੇ ਵਿੱਚ ਉਹ ਗੁੰਮ ਗਿਆ । ਉਹ ਕਦੇ ਮੈਨੂੰ ਨਹੀਂ ਲੱਭਦਾ ਪਰ ਮੈਂ ਹਰ ਵਕਤ ਕਿਸੇ ਨਾ ਕਿਸੇ ਬਹਾਨੇ ਓਹਨੂੰ ਲੱਭ  ਲੈਂਦੀ ਆਂ ਤੇ ਉਹ ਕਦੇ ਆਪ ਗੱਲ ਨਹੀਂ ਕਰਦਾ ਪਰ ਜਵਾਬ ਜ਼ਰੂਰ ਦਿੰਦਾ ਏ ।

ਮੈਂ ਮੁਹੱਬਤ ਤੇ ਕੁੱਝ ਲਿੱਖ ਰਹੀ ਸੀ । ਮੇਰੇ ਕੋਲੋਂ ਮੁਹੱਬਤ ਦਾ ਕਿੱਸਾ ਲਿਖਣ ਦੀ ਸ਼ੁਰੂਆਤ ਹਮੇਸ਼ਾਂ ਉਹਦੇ ਨਾਮ ਤੋਂ ਹੁੰਦੀ ਏ ਪਤਾ ਨਹੀਂ ਕਿਉਂ ।

ਮੈਂ ਕੁੱਝ ਹੋਰ ਲਿੱਖਦੀ ਲਿੱਖਦੀ ਓਸ ਵਕਤ ਚ ਜਾ ਪਹੁੰਚੀ ਜਿੱਥੇ ਅਸੀਂ ਮਿਲੇ ਸਾਂ । ਮੇਰੇ ਕੋਲੋਂ ਰੁੱਕਿਆ ਨਾ ਗਿਆ ।ਮੈਂ ਫ਼ੋਨ ਦੇ ਨੋਟਪੈਡ ਤੇ ਉਹ ਸਭ ਲਿੱਖਦੀ ਗਈ । ਮੈਨੂੰ ਪਤਾ ਏ ਉਹਨੇ ਅੱਜ ਤੱਕ ਕਦੇ ਨਹੀਂ ਪੜਿਆ । ਉਹ ਅੱਗੇ ਵੀ ਨਹੀਂ ਪੜੇਗਾ ਪਰ ਮੇਰੇ  ਦਿਲ ਅੰਦਰ ਪਨਪਦੀ ਮੁਹੱਬਤ ਨੇ ਉਹ ਨੋਟਸ ਦੇ ਸਕਰੀਨਸ਼ਾਟ ਲੈ ਓਹਨੂੰ ਭੇਜ ਛੱਡੇ ।

ਉਹਦੇ ਜਵਾਬ ਦੀ ਉਡੀਕ ਵਿੱਚ ਮੈਂ ਸੌਂ ਗਈ ।

ਸਵੇਰ ਹੁੰਦਿਆਂ ਮੈਂ ਭੁੱਲ ਚੁੱਕੀ ਸਾਂ ਮੈਂ ਓਹਨੂੰ ਕੁੱਝ ਭੇਜਿਆ ਸੀ ।

ਮੈਂ ਫ਼ੋਨ ਚੱਕਿਆ ਤਾਂ ਦੋ ਮੈਸਜ ਆਏ ਹੋਏ ਸੀ ।

"ਤੁਸੀਂ ਬਹੁਤ ਵਧੀਆ ਲਿੱਖਦੇ ਓ ।"

"appreciated"

ਮੈਂ ਉਹ ਦੋ ਮੈਸਜ ਸੇਵ ਕਰਕੇ ਰੱਖ ਲਏ ਕਿਉਂਕਿ ਜਿਸ ਜ਼ਮਾਨੇ ਚ ਅਸੀਂ ਇੱਕਠੇ ਸਾਂ ਓਸ ਵਕਤ save ਕਰਨ ਦੀ ਕੋਈ option ਨਹੀਂ ਸੀ । ਉਹ ਵਕਤ ਬੱਸ ਜੀਆ ਜਾ ਸਕਦਾ ਸੀ । ਮੇਰੇ ਕੋਲ਼ ਉਹਦੀਆਂ ਯਾਦਾਂ ਦੇ ਇਲਾਵਾ ਕੁੱਝ ਵੀ ਨਹੀਂ ਸੀ । ਉਹ ਯਾਦਾਂ ਵੀ ਦਿਮਾਗ਼ ਦੇ ਮੈਮਰੀ ਕਾਰਡ ਚ ਪਈਆਂ ਨੇ ।

ਫ਼ੇਰ ਬਹੁਤੇ ਦਿਨ ਕੋਈ ਗੱਲ ਨਾ ਹੋਈ । ਮੇਰੇ ਦਿਲ ਚ ਹੁਣ ਓਹਦੇ ਲਈ ਨਫ਼ਰਤ ਜਾਂ ਪਿਆਰ ਕੁੱਝ ਵੀ ਨਹੀਂ ਰਿਹਾ । ਬਸ ਉਹ ਮੇਰੀ ਜ਼ਿੰਦਗੀ ਦਾ ਉਹ ਪਹਿਲਾ point ਤੇ reason ਬਣ ਗਿਆ ਜਿਸਨੇ ਮੈਨੂੰ ਲਿੱਖਣ ਦੀ ਰਾਹੇ ਪਾ ਦਿੱਤਾ । ਭਾਵੇਂ ਉਹ ਖੁਦ ਕਦੇ ਮੇਰੀਆਂ ਲਿਖੀਆਂ ਕਿਤਾਬਾਂ ਨਹੀਂ ਪੜ੍ਹੇਗਾ ।

ਇੱਕ ਸਨੈਪ ਆਈ ਉਹਦੇ ਹੱਥ ਤੇ ਇੱਕ ਨਿਸ਼ਾਨ ਦੀ ... ਇਹ ਤਾਂ ਓਹੀ ਨਿਸ਼ਾਨ ਨੇ ਜਿੱਥੇ ਓਹਨੇ ਮੇਰਾ ਨਾਮ ਲਿਖਿਆ ਸੀ ...ਮਤਲਬ ਮੈਂ ਓਹਨੂੰ ਅੱਜ ਵੀ ਯਾਦ ਹਾਂ??

ਮੈਂ ਕੋਈ reaction ਨਾ ਦਿੱਤਾ । ਸਗੋਂ ਆਪਣੇ ਹੱਥ ਤੇ ਉਹਦੇ ਨਾਮ ਦੇ ਅੱਖਰ ਲੱਭਣ ਲੱਗੀ । ਬਹੁਤੀ ਦੇਰ ਨਾ ਲੱਗੀ । ਟਟੋਲਣ ਤੇ ਉਹ ਲੀਕਾਂ ਜਿਹੀਆਂ ਮਿਲ਼ ਗਈਆਂ । ਕੁੱਝ ਸੋਚਦਿਆਂ ਮੈਂ ਵੀ ਫ਼ੋਟੋ ਖਿੱਚ ਭੇਜੀ ।

ਉਹ ਆਖਣ ਲੱਗਾ ਆਪਾਂ ਬਿਲਕੁਲ ਨਹੀਂ ਬਦਲੇ ਨਾ??

ਮੈਂ ਮਨ ਹੀ ਮਨ ਅੰਦਰ ਸੋਚਣ ਲੱਗੀ ਕਿਵੇਂ?

ਮੈਂ ਜ਼ਿੰਦਗੀ ਚ ਅੱਗੇ ਨਿੱਕਲ ਆਈ ਤੇ ਤੂੰ ਵੀ । ਆਪਾਂ ਇੱਕ ਦੂਜੇ ਲਈ ਖੜ੍ਹੇ ਨਹੀਂ ਰਹੇ ... ਉਹ ਰਾਹ ਆਪਾਂ ਸਾਲਾਂ ਪਹਿਲਾਂ ਬੰਦ ਕਰ ਆਏ ਸੀ ।

ਮੈਂ ਗੱਲ ਨਾ ਵਧਾਉਂਦਿਆਂ hmm ਕਹਿ ਕੇ ਸਨੈਪਚੈਟ ਫ਼ੋਨ ਚੋਂ ਡਿਲੀਟ ਕਰ ਦਿੱਤੀ । ਇਸਤੋਂ ਪਹਿਲਾਂ ਕਿ ਉਹ ਮੈਨੂੰ ਕੁੱਝ ਹੋਰ ਅਜਿਹਾ ਭੇਜੇ ਜੋ ਮੈਂ save ਕਰ ਸਕਾਂ ਤੇ ਹਮੇਸ਼ਾਂ ਦੇਖ ਕੇ ਆਪਣੇ ਜ਼ਖ਼ਮ ਕੁਰੇਦ ਸਕਾਂ । ਮੈਂ ਓਹਨੂੰ ਕਦੇ ਨਹੀਂ ਮਿਲਣਾ ਚਾਹੁੰਦੀ ।

ਮੈਂ ਓਹਨੂੰ ਹੋਰ ਨਹੀਂ ਜਾਣਨਾ ਚਾਹੁੰਦੀ । ਮੈਂ ਬੱਸ ਉਹਦੀਆਂ ਯਾਦਾਂ ਵਿੱਚ ਜਿਊਣਾ ਚਾਹੁੰਦੀ ਆ ।

ਕਾਸ਼ .. ਦਿਮਾਗ਼ ਦੀ ਮੈਮਰੀ ਲਈ ਵੀ ਕੋਈ reset ਬਟਨ ਹੁੰਦਾ ।

❀❀❀❀❀

# ਇੰਟਰਕਾਸਟ

ਉਹ ਦਿਨ ਅੱਜ ਵੀ ਯਾਦ ਆਉਂਦੇ ਨੇ, ਜਦੋਂ ਮੈਂ ਉਸਨੂੰ ਪਹਿਲੀ ਵਾਰੀ ਵੇਖਿਆ ਸੀ।

ਮਾਫ ਕਰੀਏ, ਵੇਖਿਆ ਨਹੀਂ—ਮਹਿਸੂਸ ਕੀਤਾ ਸੀ।

ਜਿਵੇਂ ਕੋਈ ਰੱਬ ਦੀ ਆਵਾਜ਼ ਦਿਲ ਵਿਚ ਗੂੰਜੀ ਹੋਵੇ, ਜਿਵੇਂ ਸਾਹ ਵਿਚ ਕਿਸੇ ਦੀ ਹਾਜ਼ਰੀ ਘੁਲ ਗਈ ਹੋਵੇ।

ਉਹ ਆਇਆ ਸੀ ਮੇਰੇ ਸ਼ਹਿਰ—ਕੋਈ ਰੂਹਾਨੀ ਸੈਮੀਨਾਰ ਲੈਣ।

ਮੈਂ ਤਾਂ ਸਿਰਫ ਇੱਕ ਦਰਸ਼ਕ ਸੀ, ਪਰ ਜਿਵੇਂ ਉਸ ਦੀਆਂ ਅੱਖਾਂ ਸਿੱਧੀਆਂ ਮੇਰੇ ਦਿਲ 'ਤੇ ਲੱਗੀਆਂ।

ਅਸੀਂ ਬੋਲੇ ਨਹੀਂ, ਪਰ ਰੂਹਾਂ ਨੇ ਗੱਲਾਂ ਕਰ ਲਈਆਂ ।

ਕੁਝ ਹਫ਼ਤੇ ਬਾਅਦ ਉਹ ਮੇਰੇ ਸ਼ਹਿਰ ਰਹਿਣ ਲੱਗਾ।

ਮੈਂ ਨਹੀਂ ਜਾਣਦੀ ਕਿ ਕਿਉਂ, ਪਰ ਮੇਰੇ ਹਰ ਰਾਹ 'ਚ ਉਹ ਆਉਣ ਲੱਗਾ।

ਚੁੱਪ ਰਹਿੰਦੇ ਸਾਂ , ਪਰ ਦਿਲਾਂ ਦੀ ਭਾਸ਼ਾ ਰੱਬ ਤੋਂ ਵੀ ਜ਼ਿਆਦਾ ਸਾਫ਼ ਹੁੰਦੀ ਹੈ।

ਉਹ ਦਿਨ ਜਦੋਂ ਮੇਰੇ ਪਿਤਾ ਨੇ ਦੱਸਿਆ ਕਿ ਮੇਰਾ ਰਿਸ਼ਤਾ ਹੋ ਗਿਆ ਏ—

ਮੈਂ ਸਿਰਫ਼ ਮੁਸਕੁਰਾ ਦਿੱਤਾ। ਕਿਉਂਕਿ ਇੰਟਰਕਾਸਟ ਹੋਣ ਕਾਰਨ ਅਸੀਂ ਕਦੇ ਕਿਸੇ ਹੱਕ ਦੀ ਗੱਲ ਕੀਤੀ ਹੀ ਨਹੀਂ ਸੀ।

ਸਾਨੂੰ ਪਤਾ ਸੀ, ਸਾਡਾ ਰਿਸ਼ਤਾ ਕਿਸੇ ਦਿਲੀ ਦੁਆਵਾਂ ਤੋਂ ਅੱਗੇ ਨਹੀਂ ਜਾ ਸਕਦਾ।

ਉਹਨੇ ਕਿਹਾ:

"ਤੂੰ ਖੁਸ਼ ਰਹੀਂ। ਤੂੰ ਜਿਸ ਰਾਹ ਚ ਵੀ ਜਾਵੇਂ, ਰੱਬ ਤੇ ਭਰੋਸਾ ਰੱਖੀਂ।

ਮੇਰਾ ਹਿੱਸਾ ਸਿਰਫ਼ ਤੇਰੀ ਦੁਆਵਾਂ ਚ ਸੀ। ਮੈਂ ਰੱਬ ਕੋਲੋਂ ਤੈਨੂੰ ਨਹੀਂ ਮੰਗਿਆ, ਸਿਰਫ਼ ਤੇਰੀ ਖੁਸ਼ੀ ਮੰਗੀ।"

ਮੈਂ ਵੀ ਰੱਬ ਕੋਲੋਂ ਕੁਝ ਨਹੀਂ ਮੰਗਿਆ।

ਕਿਉਂਕਿ ਜਦ ਤੂੰ ਬੇਲੋੜ ਪਿਆਰ ਕਰਦਾ ਏ, ਤੂੰ ਦਿਲ ਦੀ ਰੀਝ ਨੂੰ ਮੰਜ਼ਿਲ ਨਹੀਂ ਬਣਾਉਂਦਾ।

ਤੂੰ ਰੱਬ ਦੀ ਰਜ਼ਾ ਨੂੰ ਕਬੂਲ ਕਰ ਲੈਂਦਾ ਏ।

ਸਾਲਾਂ ਬਾਅਦ ਉਸਦੀ ਖ਼ਬਰ ਸੁਣੀ—ਉਹ ਅਜੇ ਵੀ ਇੱਕੱਲਾ ਸੀ।

ਉਸ ਦੀਆਂ ਰਚਨਾਵਾਂ ਵਿਚ ਮੇਰਾ ਨਾਂ ਨਹੀਂ ਸੀ, ਪਰ ਮੇਰੀ ਰੂਹ ਸੀ।

ਮੇਰੇ ਨਾਵਲਾਂ ਦੀ ਕਲਮ ਵਿਚ ਉਹ ਸੀ, ਪਰ ਉਸਨੂੰ ਕੋਈ ਨਹੀਂ ਪੜ੍ਹ ਸਕਦਾ ਸੀ।

ਅਸੀਂ ਮਿਲੇ ਨਹੀਂ।

ਅਸੀਂ ਵਿਆਹੇ ਨਹੀਂ।

ਅਸੀਂ ਰਿਸ਼ਤੇ ਵਿੱਚ ਨਹੀਂ।

ਪਰ ਅਸੀਂ ਇੱਕ–ਦੂਜੇ ਦੀ ਦੁਆ ਬਣ ਗਏ।

ਅਸੀਂ ਵਖ ਹੋ ਕੇ ਵੀ ਇੱਕ ਹੋ ਗਏ।

ਅਸੀਂ ਰੱਬ ਦੀ ਰਜ਼ਾ ਚ ਰਹਿਣ ਵਾਲੇ ਆਸ਼ਿਕ ਬਣ ਗਏ।

ਉਹ ਮੇਰੀ ਜਿੰਦਗੀ ਦਾ ਉਹ ਸਫ਼ਾ ਬਣ ਗਿਆ,

ਜੋ ਪੜ੍ਹਿਆ ਤਾਂ ਨਹੀਂ ਗਿਆ, ਪਰ ਕਿਤਾਬ ਦੇ ਅੰਦਰ ਖੁਸ਼ਬੂ ਹਮੇਸ਼ਾਂ ਬਣੀ ਰਹੀ ।

ਮੈਂ ਅੱਜ ਵੀ ਮਹਿਸੂਸ ਕਰ ਸਕਦੀ ਆਂ ਤੇ ਹਮੇਸ਼ਾਂ ਕਰਦੀ ਰਹਾਂਗੀ

❁❁❁❁❁

# ਸਰਕਾਰੀ ਨੌਂਕਰੀ

ਗੁਰਪ੍ਰੀਤ ਸਿੰਘ ਪਿੰਡ ਦਾ ਇੱਕ ਸਿੱਧਾ -ਸਾਧਾ ਮੁੰਡਾ ਸੀ। ਬਚਪਨ ਤੋਂ ਹੀ ਉਸਦਾ ਸਿਰਫ਼ ਇੱਕ ਸੁਪਨਾ ਸੀ—"ਮੈਂ ਵੱਡਾ ਹੋ ਕੇ ਸਰਕਾਰੀ ਅਧਿਕਾਰੀ ਬਣਾਂਗਾ, ਮਾਪਿਆਂ ਦਾ ਮਾਣ ਵਧਾਵਾਂਗਾ।"

ਉਹ ਘਰ ਦੇ ਗਰੀਬ ਹਾਲਾਤਾਂ ਵਿਚ ਵੀ ਦਿਨ-ਰਾਤ ਪੜ੍ਹਦਾ ਰਹਿੰਦਾ। ਗਲੀ-ਮੁਹੱਲੇ ਦੇ ਬੱਚੇ ਖੇਡਦੇ ਸਨ ਤੇ ਉਹ ਬੱਤੀ ਹੇਠ ਕਿਤਾਬਾਂ ਨਾਲ ਲੱਗਾ ਰਹਿੰਦਾ।

ਸਕੂਲ ਵਿਚ ਹਮੇਸ਼ਾ ਪਹਿਲਾ ਨੰਬਰ, ਕਾਲਜ ਤੱਕ ਵਧੀਆ ਨਤੀਜੇ। ਗੁਰਪ੍ਰੀਤ ਨੂੰ ਯਕੀਨ ਸੀ ਕਿ ਉਸਦੀ ਮਿਹਨਤ ਇੱਕ ਦਿਨ ਰੰਗ ਲਿਆਵੇਗੀ। ਪਰ ਜਦੋਂ ਸਰਕਾਰੀ ਭਰਤੀਆਂ ਦਾ ਵਕਤ ਆਇਆ, ਤਾਂ ਪਤਾ ਲੱਗਾ ਕਿ ਰਸਤੇ ਬਹੁਤ ਔਖੇ ਹਨ। ਕਦੇ ਪੇਪਰ ਪਾਸ ਹੋ ਗਿਆ ਤਾਂ ਇੰਟਰਵਿਊ ਵਿੱਚ ਰਹਿ ਗਿਆ, ਕਦੇ ਮੈਰਿਟ ਲਿਸਟ ਵਿੱਚੋਂ ਉਸਦਾ ਨਾਂ ਕੱਟ ਦਿੱਤਾ ਗਿਆ।

ਸਾਲ ਲੰਘਦੇ ਗਏ। ਉਸਦੀ ਉਮਰ ਦੇ ਮੁੰਡੇ ਆਪਣੀਆਂ ਜ਼ਿੰਦਗੀਆਂ ਵਸਾਉਣ ਲੱਗ ਪਏ। ਕਿਸੇ ਦਾ ਵਿਆਹ ਹੋ ਗਿਆ, ਕਿਸੇ ਨੇ ਆਪਣਾ ਛੋਟਾ ਕਾਰੋਬਾਰ ਸ਼ੁਰੂ ਕਰ ਲਿਆ। ਕੋਈ ਵਿਦੇਸ਼ ਉੱਡ ਗਿਆ । ਗੁਰਪ੍ਰੀਤ ਦੀਆਂ ਅੱਖਾਂ ਵਿਚ ਅਜੇ ਵੀ ਉਹੀ ਸੁਪਨਾ ਸੀ—"ਇੱਕ ਦਿਨ ਮੈਂ ਵੀ ਸਰਕਾਰੀ ਕਰਮਚਾਰੀ ਬਣਾਂਗਾ।"

ਪਰ ਹਰ ਵਾਰ ਕਿਸਮਤ ਉਸਦਾ ਮਜ਼ਾਕ ਉਡਾਉਂਦੀ।

ਪੈਂਤੀਹ ਸਾਲ ਦੀ ਉਮਰ ਹੋ ਗਈ। ਮਾਪਿਆਂ ਦੀਆਂ ਉਮੀਦਾਂ ਵੀ ਹੁਣ ਹੌਲੀ-

ਹੌਲੀ ਖ਼ਤਮ ਹੋਣ ਲੱਗੀਆਂ। ਲੋਕ ਤਾਨੇ ਮਾਰਦੇ—

"ਇਹ ਤਾਂ ਪੜ੍ਹ ਪੜ੍ਹ ਕੇ ਆਪਣੀ ਜ਼ਿੰਦਗੀ ਖ਼ਰਾਬ ਕਰ ਬੈਠਿਆ।"

ਪਰ ਗੁਰਪ੍ਰੀਤ ਅਜੇ ਵੀ ਹਾਰ ਨਾ ਮੰਨਦਾ। ਹਰ ਨਵੀਂ ਭਰਤੀ ਦੀ ਖ਼ਬਰ ਆਉਂਦੀ ਤਾਂ ਉਹ ਫਾਰਮ ਭਰਦਾ, ਤਿਆਰੀ ਕਰਦਾ, ਦਿਲ ਵਿਚ ਨਵੀਂ ਉਮੀਦ ਲਿਆਉਂਦਾ।

ਫਿਰ ਵੀ ਕੁੱਝ ਨਾ ਬਣਿਆ

ਚਾਲੀ ਦੇ ਨੇੜੇ ਉਸਦੇ ਪਿਉ ਦਾ ਦੇਹਾਂਤ ਹੋ ਗਿਆ। ਘਰ ਦੇ ਖ਼ਰਚੇ ਚਲਾਉਣ ਲਈ ਉਸਨੂੰ ਮਜਬੂਰੀ ਵਿੱਚ ਮਜ਼ਦੂਰੀ ਕਰਨੀ ਪਈ। ਇੱਟਾਂ ਦੇ ਭੱਠੇ 'ਤੇ ਕੰਮ ਕਰਦਾ, ਕਈ ਵਾਰ ਸੜਕਾਂ ਬਣਾਉਂਦਾ। ਧੁੱਪ, ਮਿੱਟੀ ਤੇ ਪਸੀਨਾ ਉਸਦੇ ਸਾਥੀ ਬਣ ਗਏ।

ਇੱਕ ਦਿਨ ਉਸਦਾ ਪੁਰਾਣਾ ਸਾਥੀ, ਜੋ ਸਰਕਾਰੀ ਅਫ਼ਸਰ ਸੀ, ਕਾਰ ਵਿਚੋਂ ਲੰਘਿਆ। ਗੁਰਪ੍ਰੀਤ ਨੇ ਮਿੱਟੀ ਨਾਲ ਲਿਪੇ ਹੱਥ ਜੋੜ ਕੇ ਉਸਨੂੰ ਸਤਿ ਸ੍ਰੀ ਅਕਾਲ ਕੀਤੀ। ਦਿਲ ਅੰਦਰੋਂ ਟੁੱਟ ਗਿਆ—"ਇਹੀ ਉਹ ਰਸਤਾ ਸੀ ਜਿਸਦੀ ਖ਼ਾਤਰ ਮੈਂ ਜਵਾਨੀ ਗਵਾ ਦਿੱਤੀ, ਪਰ ਮੈਨੂੰ ਨਾ ਮਿਲਿਆ।"

ਰਾਤ ਨੂੰ ਥੱਕੇ ਸਰੀਰ ਨਾਲ ਚੁੱਲ੍ਹੇ ਕੋਲ ਬੈਠਿਆ, ਉਸਨੇ ਆਪਣੇ ਆਪ ਨਾਲ ਕਿਹਾ:

"ਸਾਰੀ ਜ਼ਿੰਦਗੀ ਇੱਕ ਨੌਕਰੀ ਦੇ ਸੁਪਨੇ ਵਿਚ ਲੰਘਾ ਦਿੱਤੀ। ਨਾ ਘਰ ਵਸਾਇਆ, ਨਾ ਖੁਸ਼ੀਆਂ ਦੇਖੀਆਂ ।ਜਵਾਨੀ ਪੜ੍ਹਦੇ-ਪੜ੍ਹਦੇ ਖ਼ਤਮ ਹੋ ਗਈ,

ਤੇ ਬੁੱਢੇਪੇ ਵਿਚ ਮਿਹਨਤ ਮਜ਼ਦੂਰੀ ਮੇਰੇ ਹਿੱਸੇ ਆਈ।”

ਉਸ ਰਾਤ ਘਰ ਆ ਕੇ ਉਸਨੇ ਆਪਣੀਆਂ ਪੁਰਾਣੀਆਂ ਕਿਤਾਬਾਂ ਖੋਲ੍ਹੀਆਂ।

ਕਾਗਜ਼ਾਂ ਦੇ ਸਫ਼ਿਆਂ ਤੇ ਉਸਦੇ ਸੁਪਨਿਆਂ ਦੀ ਸੁਗੰਧ ਅਜੇ ਵੀ ਸੀ।

ਹੌਲੀ ਹੌਲੀ ਉਸਦੀ ਅੱਖਾਂ ਵਿਚ ਹੰਝੂ ਆਏ ਤੇ ਕਾਗਜ਼ ਭਿੱਜ ਗਏ।

ਉਹ ਸਿਰ ਕੁਰਸੀ ਤੇ ਉਲਟਾ ਆਪਣੇ ਆਪ ਨੂੰ ਕੋਸਦਾ ਆਖਣ ਲੱਗਾ —

“ਰੱਬਾ, ਜੇ ਇਹੀ ਸੀ ਮੇਰਾ ਹਿੱਸਾ, ਤਾਂ ਮੈਨੂੰ ਇੰਨਾ ਵੱਡਾ ਸੁਪਨਾ ਕਿਉਂ ਦਿੱਤਾ ਸੀ?”

ਸਵੇਰ ਜਦੋਂ ਉਸਦੀ ਮਾਂ ਨੇ ਉਸਨੂੰ ਜਗਾਉਣ ਲਈ ਬੁਲਾਇਆ,

ਗੁਰਪ੍ਰੀਤ ਆਪਣੀਆਂ ਕਿਤਾਬਾਂ ‘ਤੇ ਝੁਕਿਆ ਹੋਇਆ ਸੀ—

ਪਰ ਹੁਣ ਉਹਨੇ ਕਦੇ ਨਹੀਂ ਜਾਗਣਾ ਸੀ।

ਉਸਦੇ ਹੱਥਾਂ ਵਿਚ ਅਜੇ ਵੀ ਇੱਕ ਪੁਰਾਣਾ ਸਰਕਾਰੀ ਫਾਰਮ ਫਸਿਆ ਪਿਆ ਸੀ—

ਅਧੂਰਾ ਭਰਿਆ ਹੋਇਆ।

❀❀❀❀❀

# ਉਮਰਾਂ ਤੋਂ ਪਾਰ

ਇੱਕ ਖਾਲੀ ਘਰ

ਪਿੰਡ ਦੀ ਇਕ ਪੁਰਾਣੀ ਕੋਠੀ ਵਿਚ ਹਰਬੰਸ ਕੌਰ ਇਕੱਲੀ ਬੈਠੀ ਸੀ।

ਸਿਰਫ਼ ਦੋ ਹਫ਼ਤੇ ਪਹਿਲਾਂ ਉਸਦਾ ਜੀਵਨ ਸਾਥੀ, ਗੁਰਮੁਖ ਸਿੰਘ, ਉਸਨੂੰ ਛੱਡ ਕੇ ਚਲਾ ਗਿਆ ਸੀ।

ਪੰਜਾਹ ਸਾਲ ਤੋਂ ਵੱਧ ਦੀ ਸਾਂਝ ਸੀ ਉਹਨਾਂ ਦੀ।

ਹੁਣ ਉਹ ਘਰ, ਜਿੱਥੇ ਪਹਿਲਾਂ ਹੱਸਣੀਆਂ-ਖੇਡਣੀਆਂ ਗੂੰਜਦੀਆਂ ਸਨ,

ਚੁੱਪੀ ਨਾਲ ਭਰਿਆ ਪਿਆ ਸੀ।

ਸਵੇਰ ਨੂੰ ਜਦੋਂ ਉਹ ਚਾਹ ਬਣਾਉਂਦੀ, ਉਸਦਾ ਦਿਲ ਰੋਂਦਾ।

ਕੱਪ ਹਮੇਸ਼ਾਂ ਦੋ ਬਣਦੇ ਸਨ। ਹੁਣ ਇੱਕ ਹੀ ਬਣਦਾ ਸੀ,

ਪਰ ਆਦਤਨ ਉਹ ਕਈ ਵਾਰ ਦੋ ਬਣਾਉਣ ਲੱਗਦੀ ਸੀ,

ਫਿਰ ਯਾਦ ਆਉਂਦਾ—"ਹੁਣ ਕੋਈ ਨਹੀਂ ਜਿਸਨੂੰ ਦੂਜਾ ਕੱਪ ਦੇਵਾਂ।"

ਦਰਵਾਜ਼ੇ ਦੇ ਕੋਲ ਪਈ ਉਸਦੀ ਪੁਰਾਣੀ ਖੂੰਡੀ ਨੂੰ ਵੇਖ ਕੇ ਅੱਖਾਂ ਭਿੱਜ ਜਾਂਦੀਆਂ। ਹਰਬੰਸ ਕੌਰ ਸੋਚਦੀ—

"ਇਹੀ ਛੜੀ ਲੈ ਕੇ ਉਹ ਮੈਨੂੰ ਬਾਜ਼ਾਰ ਤੱਕ ਲੈ ਜਾਂਦਾ ਸੀ।

ਹੁਣ ਇਹ ਖਾਲੀ ਖੜੀ ਹੈ... ਜਿਵੇਂ ਮੇਰੀ ਜ਼ਿੰਦਗੀ ਖਾਲੀ ਹੋ ਗਈ ਹੋਵੇ।"

ਪਿੰਡ ਦੀਆਂ ਔਰਤਾਂ ਕਈ ਵਾਰ ਆ ਕੇ ਉਸਦਾ ਦਿਲ ਬਹਲਾਉਣ ਦੀ ਕੋਸ਼ਿਸ਼ ਕਰਦੀਆਂ।

ਕਹਿੰਦੀਆਂ, "ਬੀਬੀ ਜੀ, ਹੌਂਸਲਾਂ ਰੱਖੋ। ਰੱਬ ਦਾ ਹੁਕਮ ਸੀ।"

ਉਹ ਹੌਲੀ ਮੁਸਕਰਾਉਂਦੀ, ਪਰ ਅੰਦਰੋਂ ਉਸਦਾ ਦਿਲ ਜਾਣਦਾ ਸੀ—

ਕੋਈ ਵੀ ਸ਼ਬਦ ਉਸਦੀ ਇਕੱਲੇਪਨ ਦੀ ਦਵਾਈ ਨਹੀਂ।

ਰਾਤ ਨੂੰ ਉਹ ਛੱਤ 'ਤੇ ਚੜ੍ਹਦੀ ਤੇ ਤਾਰਿਆਂ ਵੱਲ ਵੇਖਦੀ।

ਦਿਲ ਵਿਚ ਕਹਿੰਦੀ—

"ਗੁਰਮੁਖ, ਤੂੰ ਉੱਥੇ ਵੀ ਮੇਰੀ ਸੁਣਦਾ ਹੋਵੇਂਗਾ?

ਮੈਂ ਅਜੇ ਵੀ ਤੇਰੇ ਨਾਲ ਗੱਲਾਂ ਕਰਦੀ ਹਾਂ।

ਮੇਰਾ ਖ਼ਿਆਲ ਰੱਖਣਾ... ਜਿਵੇਂ ਤੂੰ ਹਮੇਸ਼ਾਂ ਰੱਖਦਾ ਸੀ।"

ਇੱਕ ਦਿਨ ਉਸਨੇ ਉਸਦੇ ਕੱਪੜਿਆਂ ਵਾਲੀ ਅਲਮਾਰੀ ਖੋਲੀ।

ਕਮੀਜ਼ਾਂ ਤੋਂ ਉਸਦੀ ਮਹਿਕ ਆਈ।

ਉਸਨੇ ਇੱਕ ਕਮੀਜ਼ ਛਾਤੀ ਨਾਲ ਲਾ ਲਈ ਤੇ ਹੌਲੀ ਆਵਾਜ਼ ਵਿਚ ਕਿਹਾ—

"ਤੂੰ ਤਾਂ ਚਲਾ ਗਿਆ, ਪਰ ਤੇਰੀ ਖੁਸ਼ਬੂ ਅਜੇ ਵੀ ਮੇਰੇ ਨਾਲ ਰਹਿੰਦੀ ਹੈ।"

ਹੁਣ ਹਰਬੰਸ ਕੌਰ ਦੀ ਜ਼ਿੰਦਗੀ ਸਿਰਫ਼ ਯਾਦਾਂ ਨਾਲ ਸੀ।

ਉਹ ਜਾਣਦੀ ਸੀ ਕਿ ਉਹ ਇਕੱਲੀ ਰਹਿ ਗਈ ਹੈ,

ਪਰ ਉਸਦੇ ਦਿਲ ਨੂੰ ਯਕੀਨ ਸੀ—

“ਪਿਆਰ ਕਰਨ ਵਾਲੇ ਕਦੇ ਨਹੀਂ ਮਰਦੇ। ਉਹ ਸਿਰਫ਼ ਨਜ਼ਰੋਂ ਓਹਲੇ ਹੁੰਦੇ ਹਨ।

ਮੇਰਾ ਗੁਰਮੁਖ ਅਜੇ ਵੀ ਮੇਰੇ ਆਲੇ-ਦੁਆਲੇ ਹੈ।”

ਉਸ ਰਾਤ ਉਸਨੇ ਡਾਇਰੀ ਵਿਚ ਇਕ ਪੰਕਤੀ ਲਿਖੀ—

“ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਇਹ ਨਹੀਂ ਕਿ ਉਹ ਮਰ ਗਿਆ,

ਸੱਚ ਇਹ ਹੈ ਕਿ ਮੇਰੇ ਅੰਦਰ ਉਹ ਅਜੇ ਵੀ ਜਿਊਂਦਾ ਏ ।”

❀❀❀❀❀

# 47 ਤੋਂ ਪਾਰ

ਸਾਲ 1947...

ਪੰਜਾਬ ਦੀ ਧਰਤੀ 'ਤੇ ਚੜ੍ਹਦਾ ਸੂਰਜ ਵੀ ਉਸ ਦਿਨ ਕੁੱਝ ਥੱਕਿਆ ਹੋਇਆ ਜਾਪ ਰਿਹਾ ਸੀ। ਹਵਾ ਵਿੱਚ ਅਜਿਹਾ ਅਜੀਬ ਸਨਾਟਾ ਸੀ, ਜਿਵੇਂ ਕਿਸੇ ਨੇ ਸਾਰੇ ਪੰਛੀਆਂ ਦੇ ਪਰ ਕੱਟ ਦਿੱਤੇ ਹੋਣ। ਪਿੰਡ ਦੇ ਰਸਤੇ ਤੇ ਧੂੜ ਉੱਡ ਰਹੀ ਸੀ, ਪਰ ਉਹ ਧੂੜ ਹੁਣ ਮਿੱਟੀ ਦੀ ਖੁਸ਼ਬੂ ਨਹੀਂ, ਸਗੋਂ ਖੂਨ ਤੇ ਹੰਝੂਆਂ ਦੀ ਸੁਰਖ਼ੀ ਲੈ ਕੇ ਆ ਰਹੀ ਸੀ।

ਗੁਰਮੀਤ ਸਿੰਘ, ਪਿੰਡ ਭੋਲੇਵਾਲ ਦਾ ਇੱਕ ਸਧਾਰਨ ਕਿਸਾਨ, ਆਪਣੇ ਵਾੜੇ ਵਿੱਚ ਬੈਠਾ ਖੇਤਾਂ ਨੂੰ ਤੱਕ ਰਿਹਾ ਸੀ। ਕੁੱਝ ਦਿਨ ਪਹਿਲਾਂ ਹੀ ਉਸ ਦੀ ਵਿਆਹ ਦੀ ਗੱਲ ਹੋਈ ਸੀ — ਰੁਕਸਾਨਾ ਨਾਲ, ਜੋ ਨਾਲ਼ਦੇ ਪਿੰਡ ਦੀ ਸਭ ਤੋਂ ਸੋਹਣੀ ਤੇ ਨਿਰਮਲ ਦਿਲ ਵਾਲੀ ਕੁੜੀ ਸੀ। ਪਰ ਹੁਣ, ਸਿਆਸਤ ਦੀਆਂ ਅੱਗਾਂ ਨੇ ਉਹਨਾਂ ਦੇ ਸੁਪਨੇ ਸਾੜਨੇ ਸ਼ੁਰੂ ਕਰ ਦਿੱਤੇ ਸੀ ।

ਪਿੱਛਲੇ ਕੁੱਝ ਹਫ਼ਤਿਆਂ ਤੋਂ ਪਿੰਡ ਵਿੱਚ ਖ਼ਬਰਾਂ ਆ ਰਹੀਆਂ ਸਨ — "ਦੇਸ਼ ਵੰਡਿਆ ਜਾ ਰਿਹਾ ਹੈ... ਹੁਣ ਸਿੱਖ ਤੇ ਹਿੰਦੂ ਭਾਰਤ ਵਿੱਚ, ਮੁਸਲਮਾਨ ਪਾਕਿਸਤਾਨ ਵਿੱਚ।"

ਇਹ ਗੱਲਾਂ ਦੋਸਤਾਂ ਨੂੰ ਵੀ ਦੁਸ਼ਮਣ ਬਣਾ ਰਹੀਆਂ ਸਨ। ਉਹ ਲੋਕ, ਜਿਨ੍ਹਾਂ ਨਾਲ ਗੁਰਮੀਤ ਨੇ ਬਚਪਨ ਤੋਂ ਰੋਟੀ-ਨਮਕ ਖਾਧਾ ਸੀ, ਹੁਣ ਇੱਕ ਦੂਜੇ ਤੋਂ ਨਜ਼ਰਾਂ ਚੁਰਾਉਣ ਲੱਗੇ ਸਨ।

ਰੁਕਸਾਨਾ ਦਾ ਘਰ ਪਿੰਡ ਦੇ ਪੱਛਮੀ ਕੋਨੇ ਵਿੱਚ ਸੀ। ਉਹਦੀ ਅੱਖਾਂ ਵਿੱਚ ਹਮੇਸ਼ਾਂ ਇਕ ਅਜੀਬ ਚਮਕ ਹੁੰਦੀ ਸੀ — ਜਿਵੇਂ ਅਸਮਾਨ ਵਿੱਚ ਤਾਰਿਆਂ ਦੀ ਲੜੀ ਹੋਵੇ। ਦੋਵੇਂ ਰਿਸ਼ਤੇ ਤੋਂ ਬਾਅਦ ਇੱਕ ਦੂਜੇ ਨੂੰ ਲੁੱਕ ਲੁੱਕ ਕੇ ਮਿਲਦੇ ਸਨ — ਖੇਤਾਂ ਵਿੱਚ ਸਰੋਂ ਦੇ ਫੁੱਲਾਂ ਵਿੱਚ ਦੌੜਦੀ ਰੁਕਸਾਨਾ ਦਿਲ ਧੂ ਲੈਂਦੀ ਸੀ ।

ਪਰ ਹੁਣ ਉਹਨਾਂ ਦੇ ਵਿਚਕਾਰ ਹੱਦਾਂ ਦੀ ਇੱਕ ਕੰਧ ਬਣ ਰਹੀ ਸੀ — ਨਾ ਉਹ ਹੱਦ ਪਿੰਡ ਦੇ ਨਕਸ਼ੇ 'ਤੇ ਸੀ, ਨਾ ਹੀ ਦਿਲ ਦੇ ਨਕਸ਼ੇ 'ਤੇ। ਪਰ ਫਿਰ ਵੀ ਉਹ ਕੰਧ ਸਭ ਤੋਂ ਮਜ਼ਬੂਤ ਸੀ।

15 ਅਗਸਤ ਤੋਂ ਕੁੱਝ ਦਿਨ ਪਹਿਲਾਂ, ਪਿੰਡ ਵਿੱਚ ਦੰਗੇ ਸ਼ੁਰੂ ਹੋ ਗਏ। ਲੋਕ ਕਤਲ ਹੋ ਰਹੇ ਸਨ, ਘਰ ਸੜ ਰਹੇ ਸਨ, ਤੇ ਉਹ ਸੱਜਣ-ਮਿੱਤਰ ਜੋ ਕੱਲ੍ਹ ਤੱਕ ਇਕੱਠੇ ਹੱਸਦੇ ਸਨ, ਹੁਣ ਹੱਥ ਵਿੱਚ ਹਥਿਆਰ ਫੜੀ ਖੜੇ ਸਨ।

ਗੁਰਮੀਤ ਨੂੰ ਪਤਾ ਸੀ — ਰੁਕਸਾਨਾ ਹੁਣ ਇੱਥੇ ਨਹੀਂ ਰਹਿ ਸਕੇਗੀ। ਉਸਦੇ ਮਾਪਿਆਂ ਨੇ ਫ਼ੈਸਲਾ ਕਰ ਲਿਆ ਸੀ ਕਿ ਉਹਨਾਂ ਨੂੰ ਪਾਕਿਸਤਾਨ ਜਾਣਾ ਪਵੇਗਾ।

ਇਹ ਸੁਣਕੇ ਗੁਰਮੀਤ ਦਾ ਦਿਲ ਟੁੱਟ ਗਿਆ। ਉਸਨੇ ਸੋਚਿਆ, "ਮੈਂ ਰੁਕਸਾਨਾ ਨੂੰ ਖੋ ਨਹੀਂ ਸਕਦਾ... ਚਾਹੇ ਇਹ ਸੰਸਾਰ ਦੀਆਂ ਰੀਤਾਂ ਮੇਰੇ ਖਿਲਾਫ਼ ਹੋਣ।"

ਉਸ ਰਾਤ, ਚਾਨਣੀ ਹੌਲੀ ਹੌਲੀ ਪਿੰਡ ਦੇ ਮਿੱਟੀ ਦੇ ਘਰਾਂ 'ਤੇ ਪੈ ਰਹੀ ਸੀ। ਗੁਰਮੀਤ ਨੇ ਹੌਲੀ-ਹੌਲੀ ਰੁਕਸਾਨਾ ਦੇ ਘਰ ਦੇ ਪਿੱਛੇ ਵਾਲੇ ਦਰਵਾਜ਼ੇ ਤੋਂ ਕੰਧ ਟੱਪੀ। ਉਹ ਆਈ, ਉਸਦੀਆਂ ਅੱਖਾਂ ਵਿੱਚ ਡਰ ਵੀ ਸੀ, ਤੇ ਪਿਆਰ ਵੀ।

"ਗੁਰਮੀਤ... ਹੁਣ ਕੋਈ ਰਾਹ ਨਹੀਂ," ਰੁਕਸਾਨਾ ਨੇ ਹੌਲੀ ਆਵਾਜ਼ ਵਿੱਚ

ਕਿਹਾ।

"ਰਾਹ ਤਾਂ ਹੁੰਦਾ ਹੈ, ਰੁਕੀ... ਸਿਰਫ਼ ਹਿੰਮਤ ਚਾਹੀਦੀ ਹੈ," ਗੁਰਮੀਤ ਨੇ ਉਸਦਾ ਹੱਥ ਫੜਕੇ ਕਿਹਾ।

ਪਰ ਰੁਕਸਾਨਾ ਨੇ ਹੱਥ ਛੁਡਾ ਲਿਆ। "ਜੇ ਮੈਂ ਤੇਰੇ ਨਾਲ ਚਲੀ ਵੀ ਗਈ, ਤਾਂ ਮੇਰਾ ਪਰਿਵਾਰ? ਉਹ ਲੋਕ ਜੋ ਮੇਰੇ ਲਈ ਜਾਨ ਦੇ ਸਕਦੇ ਨੇ ?"

ਇਹ ਸੁਣਕੇ ਗੁਰਮੀਤ ਚੁੱਪ ਹੋ ਗਿਆ। ਦੋਵੇਂ ਜਾਣਦੇ ਸਨ ਕਿ ਪਿਆਰ ਸਭ ਕੁੱਝ ਨਹੀਂ ਜਿੱਤ ਸਕਦਾ — ਕਈ ਵਾਰੀ ਪਰਿਵਾਰ ਤੇ ਮੂਲਾਂ ਦੀਆਂ ਜ਼ੰਜ਼ੀਰਾਂ ਪਿਆਰ ਤੋਂ ਵੀ ਵੱਡੀਆਂ ਹੁੰਦੀਆਂ ਹਨ।

ਦੋ ਦਿਨ ਬਾਅਦ, ਪਿੰਡ ਦੇ ਚੌਰਾਹੇ ਤੋਂ ਇੱਕ ਲੰਬਾ ਕਾਫ਼ਲਾ ਨਿੱਕਲ ਰਿਹਾ ਸੀ — ਉਹ ਲੋਕ ਜੋ ਪਾਕਿਸਤਾਨ ਵੱਲ ਜਾ ਰਹੇ ਸਨ। ਗੁਰਮੀਤ ਵੀ ਭੀੜ ਵਿੱਚ ਸੀ। ਉਸਦੀ ਨਜ਼ਰ ਹਰ ਚਿਹਰੇ ਨੂੰ ਤੱਕ ਰਹੀ ਸੀ।

ਅਖਿਰਕਾਰ, ਉਹ ਰੁਕਸਾਨਾ ਨੂੰ ਵੇਖਦਾ ਹੈ — ਸਫ਼ੈਦ ਦੁਪੱਟੇ ਨਾਲ, ਅੱਖਾਂ ਵਿੱਚ ਹੰਝੂ, ਪਰ ਚਿਹਰੇ 'ਤੇ ਉਹੀ ਚਮਕ ਜੋ ਗੁਰਮੀਤ ਨੂੰ ਖਿੱਚਦੀ ਸੀ।

ਉਹ ਦੌੜਕੇ ਕਾਫ਼ਲੇ ਦੇ ਨਾਲ ਹੋ ਗਿਆ। "ਰੁਕੀ!" ਉਸਦੀ ਆਵਾਜ਼ ਡਰ ਤੇ ਬੇਬਸੀ ਨਾਲ ਕੰਬ ਰਹੀ ਸੀ।

ਰੁਕਸਾਨਾ ਮੁੜੀ। ਦੋਵਾਂ ਦੀਆਂ ਅੱਖਾਂ ਮਿਲੀਆਂ — ਉਹ ਮਿਲਾਪ ਜਿਵੇਂ ਦੋ ਰੂਹਾਂ ਆਖ਼ਰੀ ਵਾਰੀ ਗੱਲ ਕਰ ਰਹੀਆਂ ਹੋਣ।

ਗੁਰਮੀਤ ਨੇ ਜੇਬ ਵਿੱਚੋਂ ਇੱਕ ਛੋਟੀ ਮਾਲਾ ਕੱਢੀ — ਜੋ ਉਸਦੀ ਮਾਂ ਨੇ ਕਦੇ

ਉਸ ਨੂੰ ਦਿੱਤੀ ਸੀ — ਤੇ ਰੁਕਸਾਨਾ ਦੇ ਹੱਥ ਵਿੱਚ ਰੱਖ ਦਿੱਤੀ।

"ਇਹ ਤੇਰੇ ਲਈ... ਜਦ ਤੱਕ ਇਹ ਤੇਰੇ ਕੋਲ ਹੈ, ਮੈਂ ਤੇਰੇ ਨਾਲ ਹਾਂ," ਉਸਨੇ ਕੰਬਦੀ ਆਵਾਜ਼ ਵਿੱਚ ਕਿਹਾ।

ਰੁਕਸਾਨਾ ਨੇ ਕੁੱਝ ਕਹਿਣਾ ਚਾਹਿਆ, ਪਰ ਕਾਫ਼ਲਾ ਅੱਗੇ ਵੱਧਣ ਲੱਗਾ। ਉਹ ਸਿਰਫ਼ ਪਿੱਛੇ ਮੁੜ ਮੁੜ ਤੱਕਦੀ ਰਹੀ, ਜਦ ਤੱਕ ਉਹ ਧੂੜ ਵਿੱਚ ਗਾਇਬ ਨਾ ਹੋ ਗਈ।

ਸਾਲ ਬੀਤ ਗਏ। ਵੰਡ ਦੇ ਜਖ਼ਮ ਸਰੀਰ ਤੋਂ ਤਾਂ ਭਰ ਗਏ, ਪਰ ਰੂਹ ਵਿੱਚ ਹਾਲੇ ਵੀ ਤਾਜ਼ੇ ਸਨ।

ਗੁਰਮੀਤ ਨੇ ਵਿਆਹ ਨਹੀਂ ਕੀਤਾ। ਉਹ ਖੇਤਾਂ ਵਿੱਚ ਕੰਮ ਕਰਦਾ, ਪਰ ਹਰ ਬਸੰਤ ਜਦੋਂ ਸਰੋਂ ਦੇ ਫੁੱਲ ਖਿੜਦੇ, ਉਸ ਨੂੰ ਰੁਕਸਾਨਾ ਦੀਆਂ ਹੱਸਦੀਆਂ ਅੱਖਾਂ ਯਾਦ ਆਉਂਦੀਆਂ।

ਇੱਕ ਦਿਨ, ਉਸਨੂੰ ਖ਼ਬਰ ਮਿਲੀ ਕਿ ਸਰਹੱਦ ਪਾਰੋਂ ਕੁਝ ਲੋਕ ਮਿਲਣ ਆਏ ਹਨ — ਪੁਰਾਣੇ ਪਿੰਡ ਦੇ ਵਸਨੀਕ। ਗੁਰਮੀਤ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਾ। ਕੀ ਉਹ...?

ਪਰ ਜਦ ਉਹ ਲੋਕ ਮਿਲੇ, ਰੁਕਸਾਨਾ ਉਨ੍ਹਾਂ ਵਿੱਚ ਨਹੀਂ ਸੀ। ਉਹਨਾਂ ਨੇ ਦੱਸਿਆ ਕਿ ਕੁੱਝ ਸਾਲ ਪਹਿਲਾਂ, ਉਹ ਬਿਮਾਰੀ ਨਾਲ ਚਲੀ ਗਈ। ਉਸਦੇ ਆਖਰੀ ਦਿਨਾਂ ਵਿੱਚ, ਉਹ ਆਪਣੇ ਬਿਸਤਰ ਦੇ ਕੋਲ ਇੱਕ ਪੁਰਾਣੀ ਮਾਲਾ ਰੱਖਦੀ ਸੀ — ਬਿਲਕੁਲ ਉਹੀ ਜੋ ਗੁਰਮੀਤ ਨੇ ਉਸਨੂੰ ਦਿੱਤੀ ਸੀ।

ਗੁਰਮੀਤ ਨੇ ਉਸ ਮਾਲਾ ਨੂੰ ਆਪਣੇ ਹੱਥ ਵਿੱਚ ਫੜਿਆ, ਅੱਖਾਂ ਬੰਦ ਕੀਤੀਆਂ, ਤੇ ਹੌਲੀ ਆਵਾਜ਼ ਵਿੱਚ ਕਿਹਾ —

"ਰੁਕੀ... ਅਸੀਂ ਇਸ ਜ਼ਿੰਦਗੀ ਵਿੱਚ ਮਿਲ ਨਾ ਸਕੇ, ਪਰ ਸ਼ਾਇਦ ਅਗਲੀ ਵਾਰੀ, ਕੋਈ ਸਰਹੱਦ ਨਾ ਹੋਵੇ।"

❁❁❁❁❁

•

# ALCOHOL

ਉਹ ਅੱਜ ਵੀ ਡੱਕ ਕੇ ਘਰੇ ਆਇਆ ।

ਨਾ ਨਾ ਮਾਰਦਾ ਕੁੱਟਦਾ ਨਹੀਂ ਸੀ ।

"ਭਲਾ ਜੇ ਬੰਦਾ ਚਾਰ ਘੁੱਟ ਲਾ ਵੀ ਲੈਂਦਾ ਏ ਤਾਂ ਮੈਨੂੰ ਤਾਂ ਕੁੱਝ ਨਹੀਂ ਨਾ ਕਹਿੰਦਾ

ਹੋਣਾ ਏ ਪਰੇਸ਼ਾਨ ਕਿਸੇ ਗੱਲ ਤੋਂ "

ਅਮੀਨਾ ਨੇ ਸੋਚਿਆ ।

ਆਉਂਦਾ ਹੀ ਉਹ ਆਪਣੇ ਕਮਰੇ ਅੰਦਰ ਜਾ ਡਿੱਗਿਆ ।

ਨਾ ਰੋਟੀ ਨਾ ਪਾਣੀ ਬੱਸ ਇੱਕ ਬਦਬੂ ਤੇ ਨੀਂਦ ।

ਅਮੀਨਾ ਭਾਵੇਂ ਰੱਬ ਚ ਯਕੀਨ ਰੱਖਣ ਵਾਲ਼ੀ ਸਿੱਧੀ ਸਾਦੀ ਔਰਤ ਸੀ, ਪਰ ਉਹ ਪਤੀ ਨੂੰ ਕਦੇ ਕੁੱਝ ਨਾ ਬੋਲਦੀ ।

ਮੁਹੱਬਤ ਵਿੱਚ ਪੂਰੀ ਤਰਾਂ ਪਾਗਲ ਹੋ ਚੁੱਕੀ ਔਰਤ ਦਾ ਦਿਮਾਗ਼ ਕੰਮ ਕਰਨਾ ਬੰਦ ਕਰ ਦਿੰਦਾ ਏ ਅਮੀਰਾ ਵਾਂਗ ।

ਉਹ ਜਦ ਵੀ ਆਪਣੇ ਪਤੀ ਨੂੰ ਰੱਜਿਆ ਦੇਖਦੀ ਉਹਦੇ ਦਿਲ ਚੋਂ ਇੱਕ ਚੀਕ ਨਿਕਲਦੀ । ਓਸਨੂੰ ਆਪਣੀ ਮਾਂ ਦੀਆਂ ਚੀਕਾਂ ਸੁਣਾਈ ਦਿੰਦੀਆਂ ਜੋ ਉਸਦੇ ਪਿਓ ਵੱਲੋਂ ਸ਼ਰਾਬ ਪੀ ਕੇ ਦਿੱਤੇ ਜ਼ਖ਼ਮਾਂ ਦਾ ਨਤੀਜਾ ਹੁੰਦੀਆਂ ।

ਉਹ ਜਦ ਵੀ ਆਪਣੇ ਪਤੀ ਨੂੰ ਪੁੱਛਦੀ ਉਹ ਪੀਣੀ ਛੱਡ ਕਿਉਂ ਨਹੀਂ ਦਿੰਦਾ ਤਾਂ ਜਵਾਬ ਮਿਲਦਾ

"ਅਮੀਰਾ ਮੇਰੇ ਸਿਰ ਤੇ ਸੌ ਜ਼ਿੰਮੇਵਾਰੀਆਂ ਨੇ", ਟੈਂਸ਼ਨ ਫ੍ਰੀ ਹੋਣ ਲਈ ਪੀਣੀ ਪੈਂਦੀ ਏ ਤੂੰ ਨਹੀਂ ਸਮਝੇਂਗੀ ।

ਪਰ ਸਮਝਾਓ ਵੀ ਕਿਸ ਪ੍ਰਕਾਰ ਦੀ ਟੈਂਸ਼ਨ, ਆਪਾਂ ਮਿਲਕੇ ਠੀਕ ਕਰ ਲਵਾਂਗੇ।

ਨਾ ਤੂੰ ਨਹੀਂ ਸਮਝ ਸਕਦੀ ਮਰਦਾਂ ਦੀਆਂ ਫ਼ਿਕਰਾਂ । ਤੂੰ ਤੇ ਸੌਂ ਜਾਣਾ ਏ ਰੋਟੀ ਖਾ ਕੇ ਪਰ ਰੋਟੀ ਲਿਆਉਣੀ ਕਿਵੇਂ ਹੈ ਇਹ ਫ਼ਿਕਰ ਮੈਨੂੰ ਏ

ਅਮੀਨਾ ਸੋਚਦੀ

"ਤਾਉਮਰ ਮੈਂ ਪੜ੍ਹਾਈ ਲਈ ਤਸ਼ੱਦਦ ਝੱਲੀ , ਫ਼ੇਰ ਗ਼ਰੀਬੀ ਲਈ, ਕੁੜੀ ਹੋਣ ਕਰਕੇ ਪਾਬੰਦੀਆਂ ਦੀ, ਮਾਹਵਾਰੀ ਦੀ, ਘਰੋਂ ਬਾਹਰ ਜਾਣ ਲਈ ਇਜਾਜ਼ਤ ਲਈ , ਘਰੋਂ ਬਾਹਰ ਜਾ ਕੇ ਬਲਾਤਕਾਰ ਤੇ ਬੁਰੀਆਂ ਨਜ਼ਰਾਂ ਤੋਂ ਬਚੇ ਰਹਿਣ ਲਈ , ਵਿਆਹ ਲਈ ਮਨਚਾਹਿਆ ਵਰ ਨਾ ਮਿਲਣ ਲਈ, ਬੱਚੇ ਪੈਦਾ ਕਰਨ ਲਈ ਤੇ ਉਹਨਾਂ ਨੂੰ ਪਾਲਣ ਲਈ, ਪਤੀ ਨਾਲ਼ ਜੁੜੇ ਹਰ ਰਿਸ਼ਤੇ ਨੂੰ ਇੱਜ਼ਤ ਨਾਲ਼ ਸੰਭਾਲ ਕੇ ਰੱਖਣ ਲਈ, ਪਤੀ ਨੂੰ ਖੁਸ਼ ਰੱਖਣ ਲਈ ਤੇ ਉਹਦੀ ਕਮਾਈ ਵਿੱਚ ਬਰਕਤ ਲਿਆਉਣ ਲਈ , ਆਪਣੇ ਸ਼ੌਂਕ ਮਾਰ ਲੈਣ ਲਈ , ਪਤੀ ਦੀ ਕਮਾਈ ਰੋਟੀ ਸਭ ਨੂੰ ਖਵਾਉਣ ਲਈ

ਮੈਨੂੰ ਵੀ ਫਿਕਰਾਂ ਹੁੰਦੀਆਂ ਨੇ ਜਿਹਨਾਂ ਨੂੰ ਓਵਰ ਥਿੰਕਿੰਗ ਦਾ ਨਾਮ ਮਿਲ ਜਾਂਦਾ ਏ ਜਾਂ ਚੁਗਲੀਆਂ ਤੇ ਜਾਂ ਫ਼ੇਰ ਮੰਦ ਬੁੱਧੀ ਦਾ

ਮੈਂ ਆਪਣੀ ਫ਼ਿਕਰ ਦੂਰ ਕਰਨ ਲਈ ਕੀ ਕਰਾਂ??

ਦਿਨ ਬੀਤਦੇ ਨੇ

ਇੱਕ ਦਿਨ ਡੱਕੇ ਹੋਏ ਉਸਦੇ ਪਤੀ ਦੇ ਮੂੰਹੋਂ ਓਸ ਲਈ ਗਾਲ ਨਿਕਲਦੀ ਏ ਤੇ ਇੱਕ ਚਪੇੜ ਵੀ ਉੱਠਦੀ ਏ ਪਰ ਅਮੀਨਾ ਆਪਣੀ ਮਾਂ ਵਰਗੀ ਨਹੀਂ ਬਣਨਾ ਚਾਹੁੰਦੀ ਸੀ ।

ਉਹ ਫੈਂਸਲਾ ਲੈਂਦੀ ਏ ਚਲੇ ਜਾਣ ਦਾ

ਪਰ ਉਹ ਆਪਣੇ ਮਾਪਿਆਂ ਤੇ ਵੀ ਬੋਝ ਨਹੀਂ ਸੀ ਬਣਨਾ ਚਾਹੁੰਦੀ ।

ਅਗਲੇ ਦਿਨ ਅਮੀਨਾ ਰਵਾਨਾ ਹੁੰਦੀ ਏ

ਕਿਸੇ ਅਣਜਾਣ ਸ਼ਹਿਰ ਚ ਨਵੀਂ ਦੁਨੀਆਂ ਵਸਾਉਣ ਲਈ ।

ਕਈ ਦਿਨਾਂ ਬਾਅਦ ਉਸਦੇ ਪਤੀ ਦਾ ਫ਼ੋਨ ਆਉਂਦਾ ਏ

"ਮੈਨੂੰ ਮਾਫ਼ ਕਰਦੇ ਅਮੀਨਾ ਮੈਂ ਨਸ਼ੇ ਵਿੱਚ ਸਾਂ ਤੇ ਟੈਂਸ਼ਨ ਚ ਵੀ "

ਅਮੀਨਾ ਜਵਾਬ ਦਿੰਦੀ ਏ

ਟੈਂਸ਼ਨ ਚ ਮੈਂ ਵੀ ਸੀ ਹਮੇਸ਼ਾਂ ਤੋਂ

ਪਰ ਮੈਨੂੰ ਸ਼ਰਾਬ ਪੀਣ ਦੀ ਮਨਾਹੀ ਏ ਤੇ ਮੇਰੇ ਕੋਲ ਇਜਾਜ਼ਤ ਨਹੀਂ ਪੀ ਕੇ ਪਤੀ ਨੂੰ ਕੁੱਟ ਦੇਣ ਦੀ

❁❁❁❁❁

# ਕੁੱਝ ਅਧੂਰਾ ਹੈ

ਦਰਿਆ ਬਿਆਸ ਦੇ ਕੰਢੇ ਤੇ ਉਹ ਸ਼ਾਮ ਬਹੁਤ ਸੋਹਣੀ ਸੀ। ਪਿੰਡ ਦੇ ਖੇਤਾਂ ਵਿੱਚੋਂ ਹਵਾ ਵਗਦੀ ਸੀ, ਤੇ ਖੜ੍ਹੇ-ਖੜ੍ਹੇ ਖੇਤਾਂ 'ਤੇ ਪਰਛਾਵੇਂ ਪੈ ਰਹੇ ਸਨ। ਉਸ ਵੇਲੇ ਹੀ ਗੁਰਨੂਰ ਦੀਆਂ ਅੱਖਾਂ ਪਹਿਲੀ ਵਾਰ ਰਾਜਦੀਪ ਨਾਲ ਟਕਰਾਈਆਂ।

ਗੁਰਨੂਰ ਪਿੰਡ ਦੀ ਉਹ ਕੁੜੀ ਸੀ ਜਿਸਦੀ ਅੱਖਾਂ ਵਿੱਚ ਹਮੇਸ਼ਾ ਖ਼ਾਮੋਸ਼ੀ ਵੱਸਦੀ ਸੀ। ਉਹਦੀ ਮਾਂ ਕਈ ਸਾਲ ਪਹਿਲਾਂ ਗੁਜ਼ਰ ਚੁੱਕੀ ਸੀ, ਪਿਤਾ ਨੇ ਖੇਤੀਬਾੜੀ ਕਰਕੇ ਉਸਨੂੰ ਵੱਡਾ ਕੀਤਾ ਸੀ। ਗੁਰਨੂਰ ਦੀ ਮੁਸਕਾਨ ਵੀ ਘੱਟ ਹੀ ਕਿਸੇ ਨੇ ਵੇਖੀ ਸੀ—ਉਹਦੀ ਖ਼ਾਮੋਸ਼ੀ ਵਿੱਚ ਹੀ ਸਾਰੀ ਦੁਨੀਆਂ ਦੇ ਸਵਾਲ ਲੁਕੇ ਹੋਏ ਸਨ।

ਰਾਜਦੀਪ ਸ਼ਹਿਰ ਤੋਂ ਪਿੰਡ ਆਇਆ ਸੀ—ਗਰਮੀਆਂ ਦੀਆਂ ਛੁੱਟੀਆਂ ਲਈ। ਉਹਦਾ ਤਾਇਆ ਇੱਥੇ ਰਹਿੰਦਾ ਸੀ। ਸ਼ਹਿਰ ਵਿੱਚ ਪੜ੍ਹਦਾ ਸੀ, ਪਰ ਪਿੰਡ ਦੀ ਮਿੱਟੀ, ਦਰਿਆ ਦੇ ਕੰਢੇ ਤੇ ਸਬਜ਼ ਖੇਤਾਂ ਨਾਲ ਉਸਦਾ ਇੱਕ ਅਜਿਹਾ ਰਿਸ਼ਤਾ ਸੀ ਜੋ ਉਸਨੂੰ ਹਮੇਸ਼ਾਂ ਵਾਪਸ ਖਿੱਚ ਲਿਆਉਂਦਾ ਸੀ।

ਉਸ ਦਿਨ ਸ਼ਾਮ ਨੂੰ ਉਹ ਇਕੱਲਾ ਦਰਿਆ ਦੇ ਕੰਢੇ ਬੈਠਾ ਸੀ, ਹੱਥ ਵਿੱਚ ਇੱਕ ਕਿਤਾਬ, ਪਰ ਅੱਖਾਂ ਬਾਰ-ਬਾਰ ਪਾਣੀ ਵੱਲ। ਗੁਰਨੂਰ ਉੱਥੇ ਘਾਹ ਚੁੱਗਣ ਆਈ ਸੀ। ਜਦੋਂ ਉਹਦੀ ਚੁੰਨੀ ਹਵਾ ਨਾਲ ਉੱਡ ਕੇ ਰਾਜਦੀਪ ਦੇ ਪੈਰਾਂ 'ਤੇ ਆ ਗਿਰੀ, ਉਹਨਾਂ ਦੀਆਂ ਅੱਖਾਂ ਮਿਲੀਆਂ।

"ਮਾਫ ਕਰਨਾ," ਗੁਰਨੂਰ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ।

"ਚੁੰਨੀ ਨੇ ਹੀ ਬਹਾਨਾ ਲੱਭਿਆ ਸੀ," ਰਾਜਦੀਪ ਮੁਸਕੁਰਾਇਆ।

ਗੁਰਨੂਰ ਨੇ ਅਜੀਬ ਜਿਹਾ ਮਹਿਸੂਸ ਕੀਤਾ। ਉਹਦੀ ਜ਼ਿੰਦਗੀ ਵਿੱਚ ਕਿਸੇ ਨੇ ਇਸ ਤਰ੍ਹਾਂ ਨਾਲ ਬੋਲਿਆ ਹੀ ਨਹੀਂ ਸੀ।

ਉਸ ਦਿਨ ਤੋਂ ਉਹਨਾਂ ਦੀਆਂ ਮੁਲਾਕਾਤਾਂ ਵੱਧਣ ਲੱਗੀਆਂ। ਕਦੇ ਦਰਿਆ ਦੇ ਕੰਢੇ, ਕਦੇ ਖੇਤਾਂ ਦੀਆਂ ਮਾਰਗਾਂ 'ਤੇ, ਕਦੇ ਪਿੰਡ ਦੀ ਛੋਟੀ ਜਿਹੀ ਲਾਇਬ੍ਰੇਰੀ ਵਿੱਚ। ਰਾਜਦੀਪ ਸ਼ਹਿਰ ਦੀਆਂ ਕਹਾਣੀਆਂ ਸੁਣਾਉਂਦਾ, ਤੇ ਗੁਰਨੂਰ ਆਪਣੀਆਂ ਖ਼ਾਮੋਸ਼ੀਆਂ ਨੂੰ ਹੌਲੀ-ਹੌਲੀ ਸ਼ਬਦਾਂ ਵਿੱਚ ਬਦਲਦੀ।

ਪਿੰਡ ਵਾਲੇ ਅੱਖਾਂ ਨਾਲ ਦੇਖਦੇ ਸਨ, ਪਰ ਕੁਝ ਕਹਿੰਦੇ ਨਹੀਂ ਸਨ। ਸਭ ਨੂੰ ਲੱਗਦਾ ਸੀ ਕਿ ਇਹ ਛੁੱਟੀਆਂ ਖ਼ਤਮ ਹੋਣ 'ਤੇ ਰਾਜਦੀਪ ਵਾਪਸ ਚਲਾ ਜਾਵੇਗਾ ਤੇ ਗੱਲ ਮੁੱਕ ਜਾਵੇਗੀ।

ਪਰ ਉਹਨਾਂ ਨੂੰ ਨਹੀਂ ਪਤਾ ਸੀ—ਇਹ ਦੋ ਰੂਹਾਂ ਦੀ ਮੁਲਾਕਾਤ ਸੀ। ਇਹ ਸਿਰਫ਼ ਕੁਝ ਦਿਨਾਂ ਦਾ ਮੇਲ ਨਹੀਂ ਸੀ, ਇਹ ਤਕਦੀਰ ਦਾ ਲਿਖਿਆ ਸੀ।

ਮਹੀਨੇ ਬੀਤ ਗਏ। ਰਾਜਦੀਪ ਦੀਆਂ ਛੁੱਟੀਆਂ ਮੁੱਕਣ ਵਾਲੀਆਂ ਸਨ, ਪਰ ਉਹ ਵਾਪਸ ਨਹੀਂ ਗਿਆ। ਉਸਨੇ ਆਪਣੇ ਮਾਪਿਆਂ ਨੂੰ ਜ਼ੋਰ ਲਾਇਆ ਕਿ ਉਹ ਪਿੰਡ ਵਿੱਚ ਹੀ ਰਹੇ, ਇੱਥੇ ਹੀ ਖੇਤੀਬਾੜੀ ਦਾ ਕਾਰੋਬਾਰ ਸਿੱਖੇ।

ਉਸਦੇ ਮਾਪਿਆਂ ਨੂੰ ਇਹ ਚੰਗਾ ਨਹੀਂ ਲੱਗਿਆ। ਉਹਨਾਂ ਨੇ ਕਿਹਾ—

"ਪੜ੍ਹਾਈ ਕੀਤੀ ਹੈ ਤਾਂ ਸ਼ਹਿਰ ਵਿੱਚ ਹੀ ਰਹਿ, ਵੱਡਾ ਆਦਮੀ ਬਣ। ਪਿੰਡ ਵਿੱਚ ਕਾਹਦੇ ਲਈ ਖਪੇਂਗਾ?"

ਪਰ ਰਾਜਦੀਪ ਨੇ ਫੈਸਲਾ ਕਰ ਲਿਆ ਸੀ। ਉਹਦਾ ਦਿਲ ਗੁਰਨੂਰ ਨਾਲ ਜੁੜ ਗਿਆ ਸੀ।

ਦੋਵੇਂ ਦਰਿਆ ਦੇ ਕੰਢੇ ਘੰਟਿਆਂ ਬੈਠਦੇ। ਗੁਰਨੂਰ ਕਹਿੰਦੀ—

"ਜੇ ਕਦੇ ਮੇਰਾ ਵਿਆਹ ਕਿਸੇ ਹੋਰ ਨਾਲ ਕਰ ਦਿੱਤਾ ਗਿਆ ਤਾਂ?"

ਰਾਜਦੀਪ ਉਸਦਾ ਹੱਥ ਫੜਕੇ ਕਹਿੰਦਾ—

"ਜੇ ਐਦਾਂ ਹੋਇਆ ਤਾਂ ਮੈਂ ਦਰਿਆ ਵਿੱਚ ਛਾਲ ਮਾਰ ਦੇਵਾਂਗਾ। ਤੇਰੇ ਬਿਨਾ ਜ਼ਿੰਦਗੀ ਦਾ ਕੋਈ ਅਰਥ ਨਹੀਂ।"

ਗੁਰਨੂਰ ਰੋ ਪੈਂਦੀ ਸੀ। ਉਸਨੂੰ ਪਤਾ ਸੀ ਕਿ ਪਿੰਡ ਦੇ ਰਿਵਾਜ਼ ਤੇ ਸਮਾਜ ਦੀਆਂ ਰੇਖਾਵਾਂ ਕਈ ਵਾਰੀ ਪਿਆਰ ਨੂੰ ਤੋੜ ਦੇਂਦੀਆਂ ਹਨ। ਪਰ ਰਾਜਦੀਪ ਦੀਆਂ ਅੱਖਾਂ ਵਿੱਚ ਉਸਨੂੰ ਯਕੀਨ ਮਿਲਦਾ ਸੀ।

ਗੁਰਨੂਰ ਦੇ ਪਿਤਾ ਨੇ ਇੱਕ ਸ਼ਾਮ ਉਸਨੂੰ ਅਚਾਨਕ ਬੁਲਾਇਆ। ਘਰ ਦੀਆਂ ਦੀਵਾਰਾਂ ਦੇ ਵਿਚਕਾਰ ਬੈਠੇ ਦਾ ਉਹਦਾ ਚਿਹਰਾ ਸਖ਼ਤ ਸੀ।

"ਗੁਰਨੂਰ, ਤੇਰੀ ਉਮਰ ਹੁਣ ਵੱਡੀ ਹੋ ਗਈ ਹੈ। ਤੇਰੇ ਲਈ ਇਕ ਰਿਸ਼ਤਾ ਆਇਆ ਹੈ।"

ਗੁਰਨੂਰ ਦੇ ਦਿਲ ਦੀ ਧੜਕਨ ਰੁੱਕ ਗਈ। ਉਸਦੀ ਸਾਹਾਂ ਵਿੱਚ ਘਬਰਾਹਟ ਵੜ ਗਈ। ਉਹ ਹੌਲੀ ਜਿਹੇ ਬੋਲ ਪਈ—

"ਪਰ ਪਾਪਾ... ਮੇਰਾ ਮਨ ਤਾਂ..."

ਪਿਤਾ ਨੇ ਗੁੱਸੇ ਨਾਲ ਗੱਲ ਕੱਟੀ—

"ਮਨ-ਵਨ ਦੀ ਗੱਲ ਛੱਡ। ਜਿਹੜਾ ਘਰ-ਖ਼ਾਨਦਾਨ ਦੇਵੇਗਾ, ਉਹੀ ਤੇਰਾ ਭਵਿੱਖ ਹੈ। ਪਿੰਡ ਦੇ ਮੁੰਡਿਆਂ ਨਾਲ ਦੋਸਤੀ ਤੇ ਗੱਲਾਂ-ਬਾਤਾਂ ਔਖੇ ਕੰਮ ਨੇ।"

ਗੁਰਨੂਰ ਦੀਆਂ ਅੱਖਾਂ ਵਿੱਚ ਹੰਜੂ ਆ ਗਏ। ਉਸਨੂੰ ਪਤਾ ਸੀ ਕਿ ਇਹ ਗੱਲ ਰਾਜਦੀਪ ਬਾਰੇ ਹੀ ਹੈ।

ਉਸ ਰਾਤ ਉਹ ਦਰਿਆ ਦੇ ਕੰਢੇ ਗਈ। ਰਾਜਦੀਪ ਪਹਿਲਾਂ ਹੀ ਉੱਥੇ ਬੈਠਾ ਸੀ, ਉਸਦੀ ਉਡੀਕ ਕਰ ਰਿਹਾ ਸੀ।

ਗੁਰਨੂਰ ਨੇ ਰੋਣੇ ਰੋਣੇ ਕਿਹਾ—

"ਰਾਜਾ... ਪਾਪਾ ਮੇਰਾ ਵਿਆਹ ਕਿਸੇ ਹੋਰ ਨਾਲ ਕਰਨਾ ਚਾਹੁੰਦੇ ਨੇ।"

ਰਾਜਦੀਪ ਨੇ ਉਸਦਾ ਹੱਥ ਫੜ ਲਿਆ।

"ਤੂੰ ਚਿੰਤਾ ਨਾ ਕਰ। ਮੈਂ ਉਹਨਾਂ ਦੇ ਸਾਹਮਣੇ ਆਵਾਂਗਾ। ਉਹਨਾਂ ਨੂੰ ਦੱਸਾਂਗਾ ਕਿ ਮੈਂ ਤੈਨੂੰ ਕਿੰਨਾ ਚਾਹੁੰਦਾ ਹਾਂ।"

ਪਰ ਗੁਰਨੂਰ ਨੇ ਸਿਰ ਹਿਲਾਇਆ—

"ਉਹ ਕਦੇ ਵੀ ਨਹੀਂ ਮਨਣਗੇ। ਤੇਰੇ ਪਰਿਵਾਰ ਨੂੰ ਵੀ ਇਹ ਗੱਲ ਮਨਜ਼ੂਰ ਨਹੀਂ ਹੋਵੇਗੀ।"

ਹਵਾ ਵਿੱਚ ਇਕ ਅਜੀਬ ਖ਼ਾਮੋਸ਼ੀ ਛਾ ਗਈ। ਦੋਵੇਂ ਦੇ ਦਿਲਾਂ ਵਿੱਚ ਡਰ ਵੱਸ ਗਿਆ ਸੀ।

ਕੁੱਝ ਦਿਨਾਂ ਬਾਅਦ, ਪਿੰਡ ਵਿੱਚ ਗੱਲਾਂ ਫੈਲਣ ਲੱਗੀਆਂ। ਲੋਕਾਂ ਨੇ ਚੁਗਲੀਆਂ ਕਰਨੀ ਸ਼ੁਰੂ ਕਰ ਦਿੱਤੀ ਕਿ ਗੁਰਨੂਰ ਤੇ ਰਾਜਦੀਪ ਦਰਿਆ ਦੇ ਕੰਢੇ ਮਿਲਦੇ ਨੇ।

ਗੁਰਨੂਰ ਦੇ ਪਿਤਾ ਦਾ ਗੁੱਸਾ ਚਰਮ ਤੇ ਚੜ੍ਹ ਗਿਆ। ਉਸਨੇ ਧੀ 'ਤੇ ਹੱਥ ਤੱਕ ਚੁੱਕਿਆ ਤੇ ਕਹਿ ਦਿੱਤਾ—

"ਜੇ ਤੂੰ ਉਸ ਮੁੰਡੇ ਨਾਲ ਹੋਰ ਮਿਲੀ ਤਾਂ ਮੇਰੇ ਲਈ ਤੂੰ ਮਰ ਗਈ।"

ਉਸਦੀ ਰੂਹ ਕੰਬ ਗਈ। ਉਸਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਪਿਆਰ ਦੀ ਕੀਮਤ ਇੰਨੀ ਭਾਰੀ ਹੋਵੇਗੀ।

ਦੂਜੇ ਪਾਸੇ, ਰਾਜਦੀਪ ਦੇ ਮਾਪਿਆਂ ਨੇ ਵੀ ਸ਼ਹਿਰ ਤੋਂ ਚਿੱਠੀ ਭੇਜੀ। ਉਹਨਾਂ ਨੇ ਕਿਹਾ—

"ਤੂੰ ਪੜ੍ਹਿਆ-ਲਿਖਿਆ ਹੈ, ਤੇਰਾ ਭਵਿੱਖ ਚੰਗਾ ਹੈ। ਪਰ ਜੇ ਤੂੰ ਪਿੰਡ ਦੀ ਇਕ ਗਰੀਬ ਕੁੜੀ ਲਈ ਸਭ ਕੁਝ ਛੱਡ ਦੇਵੇਂਗਾ, ਤਾਂ ਸਾਡੇ ਲਈ ਤੂੰ ਮਰਿਆ ਬਰਾਬਰ ਹੋਵੇਗਾ।"

ਰਾਜਦੀਪ ਨੇ ਪੱਤਰ ਪੜ੍ਹ ਕੇ ਦਰਿਆ ਵਿੱਚ ਸੁੱਟ ਦਿੱਤਾ। ਉਸਦੀ ਅੱਖਾਂ ਵਿੱਚ ਅੱਗ ਸੀ—ਪਰ ਦਿਲ ਵਿੱਚ ਇਕ ਬੇਬਸੀ ਵੀ ਸੀ।

ਇੱਕ ਰਾਤ ਗੁਰਨੂਰ ਲੁਕ ਕੇ ਘਰ ਤੋਂ ਨਿਕਲੀ। ਉਹ ਦਰਿਆ ਦੇ ਕੰਢੇ ਪਹੁੰਚੀ ਜਿੱਥੇ ਰਾਜਦੀਪ ਉਸਦੀ ਉਡੀਕ ਕਰ ਰਿਹਾ ਸੀ।

ਉਹਨਾਂ ਨੇ ਇੱਕ ਦੂਜੇ ਨੂੰ ਗਲੇ ਲਾ ਲਿਆ।

"ਗੁਰਨੂਰ, ਚੱਲੀਏ ਕਿਤੇ ਦੂਰ। ਇਹ ਪਿੰਡ, ਇਹ ਲੋਕ, ਇਹ ਰਿਵਾਜ਼... ਇਹ ਸਾਡਾ ਪਿਆਰ ਨਹੀਂ ਸਮਝ ਸਕਦੇ।"

ਪਰ ਗੁਰਨੂਰ ਰੋਈ—

"ਮੈਂ ਪਿਤਾ ਜੀ ਨੂੰ ਛੱਡ ਕੇ ਨਹੀਂ ਜਾ ਸਕਦੀ। ਉਹ ਮੇਰੇ ਲਈ ਦੁਨੀਆਂ ਨਾਲ਼ ਲੜਦੇ ਰਹੇ ਨੇ। ਉਹਦਾ ਦੁੱਖ ਮੈਂ ਨਹੀਂ ਬਣ ਸਕਦੀ।"

ਰਾਜਦੀਪ ਚੁੱਪ ਹੋ ਗਿਆ। ਉਸਦੀ ਰੂਹ ਚੀਖ ਰਹੀ ਸੀ, ਪਰ ਉਸਦੇ ਹੌਂਠਾਂ ਤੋਂ ਇਕ ਸ਼ਬਦ ਵੀ ਨਾ ਨਿਕਲਿਆ।

ਉਹਨਾਂ ਨੇ ਦਰਿਆ ਦੇ ਕੰਢੇ ਬੈਠ ਕੇ ਆਖ਼ਰੀ ਵਾਰੀ ਚੰਦ ਨੂੰ ਵੇਖਿਆ।

ਦੋਵੇਂ ਨੂੰ ਪਤਾ ਸੀ—ਇਹ ਉਹਨਾਂ ਦੀ ਆਖ਼ਰੀ ਮੁਲਾਕਾਤ ਹੈ।

ਕੁੱਝ ਹਫ਼ਤਿਆਂ ਬਾਅਦ ਗੁਰਨੂਰ ਦਾ ਵਿਆਹ ਹੋ ਗਿਆ। ਉਹ ਹੱਥੀਂ ਚੂੜੀਆਂ, ਸਿਰ 'ਤੇ ਲਾਲ ਦੁਪੱਟਾ ਪਾ ਕੇ ਪਰਾਏ ਘਰ ਚਲੀ ਗਈ। ਉਸਦੀਆਂ ਅੱਖਾਂ ਵਿੱਚ ਹਮੇਸ਼ਾਂ ਉਹ ਦਰਿਆ ਹੀ ਵੱਸਦਾ ਰਿਹਾ।

ਰਾਜਦੀਪ?

ਕੋਈ ਨਹੀਂ ਜਾਣਦਾ ਕਿ ਉਸਦਾ ਕੀ ਬਣਿਆ। ਕਹਿੰਦੇ ਹਨ ਉਸਦੀ ਲਾਸ਼ ਦਰਿਆ ਵਿੱਚੋਂ ਮਿਲੀ ਸੀ। ਕੋਈ ਕਹਿੰਦਾ ਉਹ ਸ਼ਹਿਰ ਚਲਾ ਗਿਆ ਤੇ ਕਦੇ ਵਾਪਸ ਨਾ ਆਇਆ।

ਪਰ ਦਰਿਆ ਦਾ ਕੰਢਾ ਅਜੇ ਵੀ ਖਾਲੀ ਹੈ। ਲੋਕ ਕਹਿੰਦੇ ਹਨ ਰਾਤ ਨੂੰ ਉੱਥੇ ਦੋ ਪਰਛਾਵੇਂ ਬੈਠੇ ਵੇਖੇ ਜਾਂਦੇ ਨੇ—ਇੱਕ ਕੁੜੀ ਦਾ,ਇੱਕ ਮੁੰਡੇ ਦਾ

❁❁❁❁❁

# ਮੂਵ ਓਨ

ਇੱਕ ਖੜਾਕ ਹੋਇਆ ।

ਹਾਂ ਫ਼ੋਨ ਤੇ ਮੈਸਜ ਜਹੇ ਦਾ ਖੜਾਕ ਪਰ ਇੰਝ ਲੱਗਿਆ ਜਿਵੇਂ ਤੂੰ ਮੇਰੇ ਘਰ ਦੇ ਬਾਹਰ ਆ ਕੇ ਆਪਣੇ ਕੀਤੇ ਤੇ ਪਛਤਾ ਰਿਹਾ ਹੋਵੇਂ ।

ਇਹ ਕੀ?

ਇੱਕ ਪੁਰਾਣੇ ਦੋਸਤ ਦਾ ਸੁਨੇਹਾ ??

ਹੈਲੋ ... ਉਹ ਤੈਨੂੰ ਮਿਲਣਾ ਚਾਹੁੰਦਾ ਏ ..ਉਹਨੇ ਲਿਖਿਆ ।

ਉਹ ਮੈਨੂੰ? ਕਿਉਂ?

ਸ਼ਾਇਦ ਕਨੇਡਾ ਜਾ ਰਿਹਾ ਏ । ਮੈਨੂੰ ਪੁੱਛ ਰਿਹਾ ਸੀ ਤੇਰੇ ਨੰਬਰ ਲਈ ਪਰ ਮੈਂ ਇਵੇਂ ਸ਼ੇਅਰ ਨਹੀਂ ਨਾ ਕਰ ਸਕਦਾ ।

ਹਮ ਕੋਈ ਗੱਲ ਨਹੀਂ ਤੂੰ ਮੈਨੂੰ ਨੰਬਰ ਦੇ ਮੈਂ ਕਰ ਲਵਾਂਗੀ ਗੱਲ ।

ਓਹਨੇ ਨੰਬਰ ਭੇਜਿਆ । ਭਾਵੇਂ ਗੁਰਲੀਨ  ਦੇ ਫ਼ੋਨ ਚ ਪਿੱਛਲੇ 5 ਸਾਲ ਤੋਂ ਉਹਦੇ ਨੰਬਰ ਸੇਵ ਪਿਆ ਸੀ ਤੇ ਸ਼ਾਇਦ ਇਸੇ ਲਈ ਓਹਨੇ ਆਪਣਾ ਵੀ ਨੰਬਰ ਨਹੀਂ ਸੀ ਬਦਲਿਆ । ਖ਼ੈਰ ਉਹਨੇ ਫ਼ੋਨ ਮਿਲ਼ਾਇਆ ।

ਕੋਈ ਜਵਾਬ ਨਾ ਆਇਆ ।

ਗੁਰਲੀਨ ਪਿੱਛਲੇ ਸਮੇਂ ਵਿੱਚ ਜਾ ਪਹੁੰਚੀ ।

ਉਹ ਤਿੰਨ ਤਿੰਨ ਘੰਟੇ ਫ਼ੋਨ ਕਰਦੀ ਰਹਿੰਦੀ ਤੇ ਇੰਤਜ਼ਾਰ ਕਰਦੀ ਰਾਜ਼ ਦੇ ਜਵਾਬ ਦਾ । ਉਹ ਲੁੱਕ ਲੁੱਕ ਕੇ ਫ਼ੋਨ ਕਰਦੀ ਪਰ ਓਹਨੂੰ ਜਵਾਬ ਤਦ ਹੀ ਮਿਲ਼ਦਾ ਜਦ ਰਾਜ਼ ਦਾ ਮੂਡ ਹੁੰਦਾ ।

ਉਹ ਰੋਂਦੀ , ਵਿਰਲਾਪ ਕਰਦੀ ਤੇ ਸ਼ਾਇਦ ਰਾਜ਼ ਦੀ ਇੱਕ ਅਵਾਜ਼ ਉਹਦੀ ਅਧਮੋਈ ਵਿੱਚ ਜਾਨ ਪਾ ਦਿੰਦੀ ਸੀ ।

ਅੱਜ ਵੀ ਉਹ ਭੁੱਲ ਚੁੱਕੀ ਸੀ

ਚਾਰ ਕੁ ਘੰਟੇ ਬਾਅਦ ਫ਼ੋਨ ਵੱਜਿਆ ।

ਦਿਲ ਤੇ ਹੱਥ ਰੱਖ ਕੇ ਓਹਨੇ ਫ਼ੋਨ ਚੱਕਿਆ ।

ਹੈਲੋ ....

ਹੈਲੋ ਗੁਰਲੀਨ । ਕੀ ਹਾਲ ਏ?

ਹਮ ਹਾਂਜੀ ਮੈਂ ਠੀਕ ਆਂ ਤੁਸੀਂ ਦੱਸੋ

ਗੱਲਾਂ ਅੰਦਰ ਖਾਮੋਸ਼ੀ ਤੇ ਖੁੰਝੀ ਮੁਹੱਬਤ  ਦਾ ਦਰਦ ਸਾਫ਼ ਝਲਕ ਰਿਹਾ ਸੀ ।

ਗੱਲਾਂ, ਹਾਸੇ ਤੇ ਰੋਣੇ । 2 ਘੰਟੇ ਤੱਕ ਗੱਲ ਚੱਲਦੀ ਰਹੀ । ਗੁਰਲੀਨ ਨੇ ਦੱਸਿਆ ਉਸਦਾ ਰਿਸ਼ਤਾ ਹੋ ਚੁਕਿਆ ਏ । ਰਾਜ਼ ਖੁਸ਼ ਸੀ ਕਿ ਉਹ ਜ਼ਿੰਦਗੀ ਵਿੱਚ ਅੱਗੇ ਵੱਧ ਚੁੱਕੀ ਹੈ ।

ਥੋੜ੍ਹੀ ਦੇਰ ਬਾਅਦ ਫ਼ੋਨ ਕੱਟਿਆ ਗਿਆ ।

ਗੁਰਲੀਨ ਦੇ ਬਹੁਤੀ ਦੇਰ ਤੱਕ ਹੰਝੂ ਨਾ ਰੁਕੇ । ਉਹ ਦੁਬਾਰਾ ਓਸ ਜਗ੍ਹਾ ਜਾ ਪਹੁੰਚੀ ਸੀ ਜਿੱਥੇ ਉਹਨਾਂ ਦੋਹਾਂ ਦੇ ਵਿਚਕਾਰ ਤੀਸਰਾ ਕੋਈ ਨਹੀਂ ਸੀ ਪਰ ਹੁਣ ਇਸ ਵੇਲੇ ਰਾਜ਼ ਦਾ ਵਾਪਿਸ ਆਉਣਾ ਉਹਦੇ ਲਈ ਅਸਹਿ ਸੀ ।

ਦੋ ਦਿਨ ਹੋਰ ਬੀਤੇ । ਗੁਰਲੀਨ ਦੇ ਦਿਮਾਗ਼ ਚ ਯਾਦਾਂ ਦੇ ਫਲੈਸ਼ਬੈਕ ਚੱਲਣੋ ਨਾ ਹਟੇ । ਉਹਦੇ ਵਾਰ ਵਾਰ ਫਿਰ ਤੋਂ ਗੱਲ ਕਰਨ  ਦਾ ਮਨ ਕਰ ਰਿਹਾ ਸੀ ।

ਉਹਨੇ ਫ਼ੋਨ ਚੁੱਕਿਆ ਤੇ ਵਾਰ ਵਾਰ ਫ਼ੋਨ ਮਿਲਾਉਣ ਲੱਗੀ । ਓਹਨੂੰ ਕੋਈ ਜਵਾਬ ਨਾ ਮਿਲ਼ਿਆ ।

ਇੱਕ ਦਿਨ , ਦੋ ਦਿਨ ਤੇ ਇੱਕ ਹਫ਼ਤਾ ਗੁਜ਼ਰ ਗਿਆ ।

ਉਹਦੇ ਦਿਲ ਵਿੱਚ ਹੌਲ ਪੈਂਦੇ ।

10 ਦਿਨ ਬਾਅਦ ਰਾਜ਼ ਦਾ ਫ਼ੋਨ ਆਇਆ ।

ਉਹ ਇਸ ਤਰਾਂ ਗੱਲ ਕਰ ਰਿਹਾ ਸੀ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ । ਸ਼ਾਇਦ ਉਹ ਫਾਂਸਲੇ ਕਾਇਮ ਰੱਖਣਾ ਚਾਹੁੰਦਾ ਸੀ ਤਾਂ ਕਿ ਗੁਰਲੀਨ ਦਾ ਘਰ ਵੱਸ ਸਕੇ ।

ਇਹ ਤਾਂ ਕਿਸੇ ਤੀਸਰੇ ਨਾਲ਼ ਧੋਖਾ ਵੀ ਸੀ ਪਰ ਉਹ ਆਪਣਾ ਮਨ ਸਮਝਾ ਨਹੀਂ ਸੀ ਰਹੀ ਕਿਉਂਕਿ ਰਾਜ਼ ਦੀ ਇੱਕ ਫ਼ੋਨ ਕਾਲ ਨੇ ਉਹਦੇ ਅੰਦਰ ਮੁਹੱਬਤ ਦੁਬਾਰਾ ਪੰਨਪਣ ਲਾ ਦਿੱਤੀ ਸੀ ਜਿਸਦਾ ਕੋਈ ਵਜੂਦ ਨਹੀਂ ਸੀ । ਉਸਦਾ ਇੰਤਜ਼ਾਰ ਕਰਦੇ ਕਰਦੇ ਅਖ਼ੀਰ ਉਹਨੇ ਇੱਕ ਅਣਚਾਹੇ ਰਿਸ਼ਤੇ ਲਈ ਹਾਂ ਕਰ ਦਿੱਤੀ ਸੀ ਪਰ ਉਸਦੇ ਦਿਲ ਅੰਦਰੋਂ ਰਾਜ਼ ਕਦੇ ਗਿਆ ਹੀ ਨਹੀਂ ਸੀ ।

ਇੱਧਰ ਉੱਧਰ ਦੀਆਂ ਗੱਲਾਂ ਕਰਕੇ ਫ਼ੋਨ ਫੇਰ ਕੱਟਿਆ ਗਿਆ ।

ਗੁਰਲੀਨ ਸੋਚ ਰਹੀ ਸੀ ਕਿਉਂ ਅਸੀਂ ਕਿਸੇ ਦੂਸਰੇ ਦੇ ਨਾਲ਼ ਕਿਸੇ ਪਹਿਲੇ ਦੇ ਖਾਲੀਪਨ ਨੂੰ ਕਦੇ ਭਰ ਨਹੀਂ ਪਾਉਂਦੇ ।

ਉਹ ਵਾਰ ਵਾਰ ਫ਼ੋਨ ਕਰਦੀ ਕੋਈ ਜਵਾਬ ਨਾ ਆਉਂਦਾ ਤੇ ਅਖੀਰ ਉਸਨੇ ਥੱਕ ਹਾਰ ਕੇ ਸਦਾ ਲਈ ਨੰਬਰ ਬਲਾਕ ਕਰ ਦਿੱਤਾ । ਰਾਜ਼ ਕਦੇ ਵੀ ਨਹੀਂ ਸੀ ਬਦਲਿਆ ਤੇ ਅੱਜ ਵੀ ਓਸ ਰਿਸ਼ਤੇ ਅੰਦਰ ਗੁਰਲੀਨ  ਆਪਣੇ ਆਪ ਚ ਨੀਵਾਂ ਮਹਿਸੂਸ ਕਰ ਰਹੀ ਸੀ

ਇੱਕ ਪਲ ਲਈ ਉਹ ਸੋਚਣ ਲੱਗ ਪਈ ਸੀ ਕਿ ਹੁਣ ਉਹ ਸਾਰਾ ਕੁੱਝ ਬਦਲ ਸਕਦੀ ਹੈ । ਉਸਦਾ ਬਹੁਤੀ ਵਾਰ ਦਿਲ ਕਰਿਆ ਉਹ ਆਖੇ ਆਪਾਂ ਫ਼ੇਰ ਤੋਂ ਇੱਕ ਕਿਉਂ ਨਹੀਂ ਹੋ ਸਕਦੇ ਪਰ ਹੁਣ ਇਹ ਚਾਅ ਕੇ ਵੀ ਨਹੀਂ ਸੀ ਹੋਣਾ । ਸ਼ਾਇਦ ਉਹ ਕਦੇ ਅੱਗੇ ਹੀ ਨਹੀਂ ਸੀ ਵੱਧ ਸਕੀ ।

❁❁❁❁❁

# ਮਿਤਰ ਕਰਮ ਕਹਾਣੀਆਂ

ਦੀਪੀ ਹੀਰ



deepi_heer
deepikaheer717@gmail.com